ੴ ਸਤਿਗੁਰ ਪ੍ਰਸਾਦਿ ॥

# ਜੈਨ ਦਰਸ਼ਨ ਤੇ ਗੁਰਮਤਿ

## ਤੁਲਨਾਤਮਿਕ ਧਰਮ ਅਧਿਐਨ

ਮੂਲ ਰੂਪ ਵਿੱਚ ਰਚਨਾਂ

ਸਿੱਖ ਮਿਸ਼ਨਰੀ ਕਾਲਜ (ਰਜ਼ਿ:)

ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਯੋਗ ਦਰਸ਼ਨ ਤੇ ਗੁਰਮਤਿ

## ਤੁਲਨਾਤਮਿਕ ਧਰਮ ਅਧਿਐਨ

### (ੳ) ਜੋਗ ਦਾ ਵਿਤਿਹਾਸ

ਤਪਸਿਆ ਅਤੇ ਤਿਆਗ ਹਿੰਦੁਸਤਾਨ ਵਿੱਚ ਇਕ ਬੜਾ ਲੰਮਾ ਇਤਿਹਾਸ ਰਖਦੇ ਹਨ। ਯੋਗ ਦੀ ਇਹ ਪ੍ਰਣਾਲੀ ਵੇਦਾ, ਉਪਨਿਸ਼ਦਾਂ ਤੇ ਮਹਾਂਭਾਰਤ ਦੇ ਕਾਲ ਵਿੱਚ ਵੀ ਪਾਈ ਜਾਂਦੀ ਸੀ। ਸਕੰਦਰ ਨੇ ਜਦੋਂ ਹਿੰਦੁਸਤਾਨ ਉਤੇ ਹਮਲਾ ਕੀਤਾ ਉਸ ਵੇਲੇ ਵੀ ਅਰਾਧਨਾ ਦਾ ਇਹ ਤਰੀਕਾ ਆਮ ਪਾਇਆ ਜਾਂਦਾ ਸੀ। ਉਸ ਨੇ ਇਨ੍ਹਾਂ ਦਾ ਹਵਾਲਾ ਆਪਣੀਆਂ ਲਿਖਤਾਂ ਵਿੱਚ ਦਿਤਾ ਹੈ। ਮਹਾਤਮਾ ਬੁਧ ਦੇ ਸਮੇਂ ਇਹ ਪ੍ਰਣਾਲੀ ਆਮ ਪ੍ਰਚਲਤ ਸੀ। 15● ਬੀ. ਸੀ. ਦੇ ਕਰੀਬ ਪਤੰਜਲੀ ਨੇ ਇਨ੍ਹਾਂ ਤਪਸਿਆਵਾਂ ਦੀਆਂ ਰੀਤਾਂ ਅਤੇ ਪਰੰਪਰਾਵਾਂ ਨੂੰ ਇਕ ਥਾ ਤੇ ਇਕੱਠਾ ਕੀਤਾ ਅਤੇ ਉਸ ਦੇ ਇਸ ਗਰੰਥ ਨੂੰ ਅਜੇ ਤਕ ਮੂਲ ਪਾਠ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ।

ਉਪਨਿਸ਼ਦਾਂ ਵਿੱਚ ਜੋਗ ਦਾ ਭਾਵ ਉਹ ਨਹੀਂ ਸੀ ਲਇਆ ਜਾਂਦਾ ਜੋ ਪਤੰਜਲੀ ਲੈਂਦਾ ਹੈ। ਉਪਨਿਸ਼ਦਾਂ ਅਨੁਸਾਰ ਮਨੁੱਖ ਦੀ ਆਤਮਾ ਪਰਮ-ਆਤਮਾ ਪਾਸੋਂ ਵਿਛੜੀ ਸਮਝੀ ਜਾਂਦੀ ਹੈ। ਇਹ ਵਿਯੋਗ ਹੀ ਮਨੁੱਖ ਦੇ ਸਾਰੇ ਦੁਖਾਂ ਤੇ ਮੁਸੀਬਤਾਂ ਦਾ ਕਾਰਣ ਹੈ। ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਉਦੋਂ ਪ੍ਰਾਪਤ ਹੁੰਦਾ ਹੈ ਜਦੋਂ ਆਤਮਾ ਅਤੇ ਪਰਮ-ਆਤਮਾ ਦਾ ਮੇਲ ਹੋ ਜਾਏ। ਸੋ ਉਪਨਿਸ਼ਦਾਂ ਦੇ ਸਮੇਂ ਤਪਾਂ ਦਾ ਮਨੋਰਥ ਆਤਮਾ ਅਤੇ ਪਰਮ-ਆਤਮਾ ਦਾ ਇਹ ਮਿਲਾਪ ਸੀ ਅਤੇ ਇਸ ਨੂੰ ਏਸੇ ਲਈ ਜੋਗ (ਜੋੜਨਾ) ਕਹਿਆ ਜਾਂਦਾ ਸੀ।

ਪਤੰਜਲੀ, ਜੋਗ ਦਾ ਭਾਵ ਇਸ ਦੇ ਉਲਟ ਲੈਂਦਾ ਹੈ। ਉਹ ਜੋਗ ਨੂੰ 'ਵਿਯੋਗ' ਦੇ ਭਾਵ ਵਿੱਚ ਵਰਤਦਾ ਹੈ। ਪਤੰਜਲੀ ਦਾ 'ਜੋਗ ਮੱਤ' ਕਪਿਲ ਦੇ ਸਾਂਖ ਸ਼ਾਸਤ੍ਰ ਨਾਲ ਮਿਲਦਾ ਜੁਲਦਾ ਹੈ। ਸਾਂਖ ਸ਼ਾਸਤ੍ਰ ਦੇ ਮੁਢਲੀਆਂ ਵਸਤਾਂ ਮੰਨਦਾ ਹੈ, ਇਕ ਪ੍ਰਕ੍ਰਿਤੀ (ਮਾਇਆ) ਅਤੇ ਦੂਸਰੀ ਪੁਰਸ਼ (ਆਤਮਾ) । ਪਤੰਜਲੀ ਦਾ ਜੋਗ ਤੋਂ ਭਾਵ ਪ੍ਰਕ੍ਰਿਤੀ ਤੇ ਪੁਰਸ਼ ਨੂੰ ਵਖਰਾ ਵਖਰਾ ਕਰਨਾ ਹੈ। ਮਨੁੰਖ ਪ੍ਰਕ੍ਰਿਤੀ (ਮਾਇਆ) ਤੇ ਪੁਰਸ਼ (ਆਤਮਾ) ਦਾ ਬਣਿਆ ਹੋਇਆ ਹੈ। ਮਨੁੱਖ ਦੀ ਆਤਮਾ ਇੰਦ੍ਰਿਆ ਅਤੇ ਮਨ ਦੀ ਪਕੜ ਵਿੱਚੋਂ ਆਜ਼ਾਦ ਕਰਾਣਾ ਹੁੰਦਾ ਹੈ। ਇਹ ਤਦ ਹੀ ਹੋ ਸਕਦਾ ਹੈ ਜੇ ਮਨੁੱਖ ਦੀਆਂ ਭੌਤਿਕ ਅਤੇ ਮਾਨਸਿਕ ਖਾਹਸ਼ਾਂ ਨੂੰ ਕੰਟਰੋਲ ਕੀਤਾ ਜਾਏ ਅਤੇ ਸਖਤ ਜਬਤ ਵਿੱਚ ਰਖਿਆ ਜਾਏ।

### (ਅ) ਪਤੰਜਲੀ ਦਾ ਯੋਗ ਫਲਸਫਾ

ਪਤੰਜਲੀ ਦਾ ਜੋਗ ਫਲਸਫਾ ਸਾਂਖ ਸ਼ਾਂਸਤ੍ਰ ਨਾਲ ਬਹੁਤ ਮਿਲਦਾ ਜੁਲਦਾ ਹੈ। ਪਤੰਜਲੀ ਸਾਂਖ ਸ਼ਾਸਤ੍ਰ ਦੇ ਪੱਚੀ ਤੱਤਾਂ ਨੂੰ ਮੰਨਦਾ ਹੈ। ਇਸ ਦੇ ਮੁਖ ਅੰਗ ਇਹ ਹਨ :-

**(1) ਬ੍ਰਹਿਮੰਡ :-** ਪਤੰਜ਼ਲੀ ਅਨੁਸਾਰ ਇਹ ਬ੍ਰਹਿਮੰਡ ਕਿਸੇ ਦੀ ਸਿਰਜਣਾ ਨਹੀਂ, ਇਹ ਅਨਾਦੀ ਚੀਜ਼ ਹੈ। ਮਾਦੀ ਰੂਪ ਵਿਚ ਇਸ ਬ੍ਰਹਿਮੰਡ ਨੂੰ 'ਪ੍ਰਕ੍ਰਿਤੀ' ਕਹਿਵਾਂ ਜਾਂਦਾ ਹੈ।

**(2) ਆਤਮਾ :-** ਇਸ ਬ੍ਰਹਿਮੰਡ ਵਿਚ ਅਣਗਿਣਤ ਰੂਹਾ ਹਨ ਜਿਹੜੀਆਂ ਜੀਆਂ ਨੂੰ ਜ਼ਿੰਦਗੀ ਪ੍ਰਦਾਨ ਕਰਦੀਆਂ ਹਨ। ਇਹ ਰੂਹਾ ਪਵਿੱਤਰ, ਅਨਾਦੀ ਅਤੇ ਅਮਰ ਹਨ, ਪਰ ਇਸ ਬ੍ਰਹਿਮੰਡ ਦੇ ਨਾਲ ਰਲ ਕੇ ਇਹ ਦੁਖ ਤੇ ਸੁਖ ਦੀਆਂ ਭਾਗੀ ਬਣਦੀਆਂ ਹਨ। ਅਸਲੀਅਤ (ਸਤ) ਦੀ ਅਗਿਆਨਤਾ ਦੇ ਕਾਰਣ ਮਨੁੱਖ ਵਿਚ ਭੌਤਿਕ ਖਾਹਸ਼ਾਂ ਅਤੇ ਇਛਾਵਾਂ ਉਤਪੰਨ ਹੁੰਦੀਆਂ ਹਨ, ਜਿਨ੍ਹਾਂ ਤੋਂ ਦੁੱਖ ਤੇ ਮੁਸੀਬਤਾ ਪੈਦਾ ਹੋ ਜਾਂਦੀਆਂ ਹਨ। ਸੋ ਅਵਿਦਿਆ ਸਾਰੇ ਆਵਾਗਉਣ ਦੇ ਚੱਕਰ ਦਾ ਕਾਰਨ ਹੈ। ਇਸ ਜੰਮਣ ਮਰਨ, ਭਾਵ ਆਵਾਉਣ ਦੇ ਚੱਕਰ ਵਿਚੋਂ ਬਚਣਾ ਬੜਾ ਜ਼ਰੂਰੀ ਹੈ।

**(3) ਮੁਕਤੀ :-** ਪੁਰਸ਼ ਅਤੇ ਪ੍ਰਾਕ੍ਰਿਤੀ ਨੂੰ ਵਖ ਵਖ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਮੁਕਤੀ ਦੀ ਪ੍ਰਾਪਤੀ ਦਾ ਸਾਧਨ ਗਿਆਨ ਨਹੀਂ, ਬਲਕਿ ਧਿਆਨ ਟਿਕਾਣਾ ਅਤੇ ਸਮਾਧੀ ਹੈ। ਯੋਗ ਮੱਤ ਵਿਚ ਮਨ ਨੂੰ ਜ਼ਬਤ ਵਿਚ ਰਖਣ ਵਾਲੀਆਂ ਕਸਰਤਾਂ ਦਿਤੀਆਂ ਗਈਆਂ ਹਨ। ਜੋਗ ਦਾ ਮਨੋਰਥ ਵਿਅਕਤੀ ਨੂੰ ਮਾਇਆ (ਮਾਦਾ) ਦੀ ਜਕੜ ਵਿਚੋਂ ਕਢਣਾ ਹੈ। ਚਿਤ' ਮਾਦੇ ਦਾ ਯਭ ਤੋਂ ਉਚਾ ਅਤੇ ਵਧ ਵਿਕਸਤ ਰੂਪ ਹੈ।' ਜੋਗ' ਉਹ ਰਸਤਾ ਦਸਦਾ ਹੈ ਜਿਸ ਰਾਹੀਂ ਮੱਨੁਖ ਆਪਣੇ ਆਪ ਨੂੰ 'ਚਿਤ' ਦਿਆਂ ਬੰਧਨਾ ਤੋਂ ਸੁਤੰਤਰ ਕਰ ਸਕਦਾ ਹੈ। 'ਚਿਤ' ਨੂੰ ਇਸ ਦੇ ਪ੍ਰਕ੍ਰਿਤਕ ਕਰਤਵਾਂ ਤੋਂ ਪਿਛੇ ਹਟਾ ਕੇ ਹੀ, ਦੁਨਿਆਵੀ ਦੁੱਖਾਂ ਤੋਂ ਬਚਿਆ ਜਾਂਦਾ ਹੈ। ਇਸ 'ਚਿਤ' ਵਿਚ ਤਿੰਨਾਂ ਚੀਜ਼ਾਂ ਦਾ ਮੇਲ ਹੁੰਦਾ ਹੈ : ਬੁਧੀ, ਸੂਚੇਤੰਨਤਾ ਅਤੇ ਮਨ ।

ਮੁਕਤੀ ਦੀ ਪ੍ਰਾਪਤੀ ਲਈ ਜੋਗ ਦਾ ਮੁੱਖ ਜ਼ੋਰ ਮਾਨਸਿਕ ਕ੍ਰਿਆਵਾਂ ਨੂੰ ਦਬਾਣਾ ਹੈ। ਇਸ ਦਾ ਭਾਵ ਗੂੜ੍ਹੀ ਨੀਂਦ ਨਹੀਂ। ਜੋਗ, ਸਮਾਧੀ ਨਾਲ ਚੇਤਨਤਾ ਦੀਆਂ ਉਪਰਲੀਆਂ ਤੈਹਾਂ ਨੂੰ ਪਾਰ ਕਰਕੇ ਅੰਦਰ ਪ੍ਰਵੇਸ਼ ਕਰ ਰਹੀ ਸਪਿਰਟ ਨਾਲ ਜਾ ਮਿਲਦਾ ਹੈ।

**(ੲ) ਜੋਗ ਦੀ ਕਲਾ :-** ਮਨੁੱਖ ਆਪਣੇ ਅਸਲੀ ਤੱਤ ਜਾਂ ਆਪੇ ਨੂੰ ਮਨ ਦੀ ਬਾਹਰਮੁਖੀ ਵਰਤੋਂ ਨਾਲ ਨਹੀਂ ਪਛਾਣ ਸਕਦਾ। ਇਸ ਤਤ ਦੇ ਪਛਾਨਣ ਲਈ ਮਾਨਸਿਕ ਕ੍ਰਿਆਵਾਂ ਨੂੰ ਦਬਾਉਣਾ ਪੈਂਦਾ ਹੈ ਜਿਹਨਾਂ ਨਾਲ ਸਾਡਾ ਸਾਧਰਣ ਜੀਵਣ ਦੈਵੀ ਸੁਭਾਅ ਨੂੰ ਲੁਕੋ ਰਖਦਾ ਹੈ। ਭਾਵੇਂ ਸਾਡੇ ਹਰ ਇਕ ਵਿਚ ਆਤਮਾ ਵਸਦੀ ਹੈ ਪਰ ਸਾਨੂੰ ਇਸਦੀ ਚੇਤੰਨਤਾ ਨਹੀਂ ਹੁੰਦੀ ਕਿਉਂਕਿ ਇਹ ਚੇਤੰਨਤਾ ਹੋਰ ਬਾਹਰਲੀਆਂ ਵਸਤਾਂ ਵਿਚ ਬਹੁਤ ਰੁਝੀ ਹੁੰਦੀ ਹੈ। ਇਸ ਚੇਤੰਨਤਾ ਦੇ ਆਤਮਾ ਵਲ ਮੋੜਨ ਲਈ ਬੜੇ ਕਰੜੇ ਜ਼ਬਤ ਅਤੇ ਬੰਧੇਜ ਦੀ ਲੋੜ ਹੁੰਦੀ ਹੈ। ਜੋਗ ਫ਼ਲਸਫ਼ਾ ਇਸ ਗਲ ਉਤੇ ਜ਼ੋਰ ਦੇਂਦਾ ਹੈ ਕਿ ਮਾਨਸ਼ਿਕ ਦਸ਼ਾ ਦਾ ਇਹ ਜ਼ਰੂਰੀ ਬੰਧੇਜ, ਮਾਨਸਿਕ ਖਾਹਸ਼ਾਂ ਨੂੰ ਜਿੱਤਣ ਨਾਲ ਪ੍ਰਾਪਤ ਹੁੰਦਾ ਹੈ।

ਮਨੁੱਖੀ ਜੀਵਨ ਵਿਚ ਪੁਰਸ਼ (ਆਤਮਾ) ਤੋਂ ਇਲਾਵਾ ਭੌਤਿਕ ਸਰੀਰ, ਪ੍ਰਾਣ ਅਤੇ ਮਨ ਹੁੰਦੇ ਹਨ। ਇਹ ਆਤਮਾ ਭੋਗਾਂ ਦੀ ਚੇਸ਼ਟਾ ਅਤੇ ਬੇਚੈਨ ਮਨ ਦੇ ਪਰਦੇ ਦੇ ਹੇਠ ਲੁਕੀ ਹੁੰਦੀ ਹੈ ਜਿਹੜੇ ਕਿ ਜੋਗ ਦੇ ਰਸਤੇ ਵਿਚ ਇਕ

ਰੁਕਾਵਟ ਬਣਦੇ ਹਨ। ਇਸ ਉਚਾਟ-ਬਿਰਤੀ ਦੇ ਕਈ ਹੋਰ ਸਾਥੀ ਹੁੰਦੇ ਹਨ ਜਿਵੇਂ ਕਿ ਦੁਖ, ਉਦਾਸੀ, ਸਰੀਰ ਦੀ ਅਸਥਿਰਤਾ, ਸਾਹ ਲੈਣਾ ਅਤੇ ਸਾਹ ਬਾਹਰ ਕਢਣਾ ਆਦਿ। ਸਰੀਰਕ ਸਿਹਤ ਜੀਵਨ ਆਦਰਸ਼ ਨਹੀਂ ਹੈ ਪਰ ਇਹ ਅਸਲੀ ਆਦਰਸ਼ ਦੀ ਪ੍ਰਾਪਤੀ ਲਈ ਇਕ ਜ਼ਰੂਰੀ ਸਾਧਨ ਹੈ। ਆਦਰਸ਼ ਦੀ ਪ੍ਰਾਪਤੀ ਦੇ ਰਸਤੇ ਵਿਚ ਰੁਕਾਵਟਾਂ ਨੂੰ ਦੂਰ ਕਰਨ ਲਈ ਜੋਗ ਹੇਠ ਲਿਖਿਆ ਅਸ਼ਟ ਮਾਰਗ ਪੇਸ਼ ਕਰਦਾ ਹੈ :-

(1) **ਯਮ** : - ਜੋਗ ਦੇ ਅਭਿਆਸ ਲਈ ਪਹਿਲਾਂ ਕੁਝ ਨੈਤਿਕ ਤਿਆਰੀ ਕਰਨੀ ਪੈਂਦੀ ਹੈ। ਜੋਗੀ ਨੂੰ ਪਹਿਲਾਂ ਹੇਠ ਲਿਖੇ ਗੁਣ ਆਪਣੇ ਵਿਚ ਪੈਦਾ ਕਰਨੇ ਪੈਂਦੇ ਹਨ : ਅਹਿੰਸਾ, ਸਤਵਾਦ, ਨੇਕਨੀਤੀ, ਜੱਤ ਸਤ (ਵਿਸ਼ੇ ਨਿਰੋਧ), ਦਾਨ ਸਵੀਕਾਰ ਨਾ ਕਰਨਾ।

ਅਹਿੰਸਾ ਦਾ ਭਾਵ ਹੈ 'ਕਿਸੇ ਨੂੰ ਵੀ ਨਾ ਮਾਰੋ'। ਇਹ ਦੋ ਟੁਕਾ ਹੁਕਮ ਹੈ। ਸਵੈ-ਰਖਿਆ ਵਿਚ ਵੀ ਕਿਸੇ ਨੂੰ ਮਾਰਨ ਦੀ ਆਗਿਆ ਨਹੀਂ। ਇਸ ਤੋਂ ਇਲਾਵਾ ਅਹਿੰਸਾ ਦਾ ਮਤਲਬ ਹੈ ਕਿਸੇ ਨੂੰ ਨਫਰਤ ਨਹੀਂ ਕਰਨੀ, ਕਿਸੇ ਲਈ ਇਰਖਾ ਨਹੀਂ ਰਖਣਾ ਅਤੇ ਆਪਣੇ ਸੁਭਾ ਵਿਚ ਸਾਊਪੁਣਾ ਰਖਣਾ ਹੈ।

(2) ਨਿਯਮ :- ਇਹ ਅੰਦਰਲੀ ਅਤੇ ਬਾਹਰਲੀ ਸ਼ੁਧੀ ਹੈ। ਇਸ ਨਾਲ ਵੈਰਾਗ-ਵਾਨਤਾ ਅਤੇ ਭੌਤਿਕ ਖਾਹਸ਼ਾਂ ਤੋਂ ਸੁਤੰਤਰਤਾ ਮਿਲਦੀ ਹੈ।

(3) **ਆਸਣ** :- ਸਮਾਧੀ ਲਗਣ ਲਈ ਆਸਣ ਇਕ ਜਿਸਮਾਨੀ ਸਾਧਨ ਹਨ। ਅਸੀਂ ਭਜੇ ਫਿਰਦੇ ਜਾਂ ਸੁੱਤੇ ਪਏ ਕਿਸੇ ਚੀਜ਼ ਉਤੇ ਆਪਣਾ ਧਿਆਨ ਨਹੀਂ ਟਿਕਾ ਸਕਦੇ। ਸਪਾਧੀ ਆਰੰਭ ਕਰਨ ਤੋਂ ਪਹਿਲਾਂ ਇਕ ਆਰਾਮ ਵਲੇ ਆਸਣ ਵਿਚ ਬੈਠਣਾ ਜ਼ਰੂਰੀ ਹੈ। ਇਹ ਆਸਣ ਬੜਾ ਸਥਿਰ, ਸੁਹਾਉਣਾ ਅਤੇ ਸੌਖਾ ਹੋਣਾ ਚਾਹੀਦਾ ਹੈ। ਇਹ ਸਰੀਰ ਐਸਾ ਬਣਿਆ ਹੋਇਆ ਹੈ ਕਿ ਇਸ ਨੂੰ ਪਸ਼ੂਆਂ ਵਾਲੇ ਵਿਸ਼ੇ ਦਾ ਆਧਾਰ ਵੀ ਬਣਾਇਆ ਜਾ ਸਕਦਾ ਹੈ ਅਤੇ ਦੈਵੀ ਸਤਾ ਦਾ ਵੀ। ਜੋਗੀ ਨੂੰ ਅਜਿਹੀਆਂ ਵਸਤਾਂ ਖਾਣੀਆਂ ਜਾ ਪੀਣੀਆਂ ਨਹੀਂ ਚਾਹੀਦੀਆਂ, ਜਿਹੜੀਆਂ ਉਸ ਵਿੱਚ ਬੇਚੈਨੀ ਜਾਂ ਮਦਹੋਸ਼ੀ ਪੈਦਾ ਕਰਨ। ਸਰੀਕ ਲੋੜਾਂ ਬੋਧਿਕ ਜ਼ਿੰਦਗੀ ਅਤੇ ਨੈਤਿਕ ਕ੍ਰਿਆ ਦੇ ਅਧੀਨ ਹੋਣੀਆਂ ਚਾਹੀਦੀਆਂ ਹਨ।

(4) **ਪ੍ਰਾਣਾਯਾਮ** :- ਮਨ ਦੀ ਨਿਰਮਲਤਾ ਸਾਹਾਂ ਨੂੰ ਕੰਟਰੋਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਸਾਹਾਂ ਦਾ ਵਸੀਕਾਰ ਮਨ ਉਤੇ ਟਿਕਾਉ ਪੈਦਾ ਕਾਰਨ ਵਾਲਾ ਅਸਰ ਰਖਦਾ ਹੈ। ਇਹ ਛਾਇਆਵਾਦੀ ਸਤਾ ਪੈਦਾ ਕਰ ਦੇਂਦਾ ਹੈ। ਕਈ ਵਾਰ (hyponosis) ਇਹ ਲਿਆ ਹੈ। ਪ੍ਰਾਣਾਯਾਮ ਰਾਹੀਂ ਬਾਕੀ ਇੰਦਰੇ ਵੀ ਬੇਹਿਸ ਹੋ ਜਾਂਦੇ ਹਨ। ਇਸ ਨਿਯੰਤ੍ਰਣ ਨੂੰ ਪੂਰਕ, ਰੇਚਕ ਅਤੇ ਕੁੰਭਕ ਕਹਿੰਦੇ ਹਨ :

(5) **ਪ੍ਰਤਯਾਹਾਰ** :- ਇਸ ਦਾ ਭਾਵ ਹੈ ਆਪਣੇ ਇੰਦਰਿਆਂ ਨੂੰ ਆਪਣੇ ਕੁਦਰਤੀ ਕਰਤਵ ਕਰਨੋਂ ਰੋਕਣਾ। ਮੰਤਵ ਇਸ ਦਾ ਇਹ ਹੁੰਦਾ ਹੈ ਕਿ ਮਨ ਉਤੇ ਅਸਰ ਪਾਣ ਵਾਲੀਆਂ ਸਾਰੀਆਂ ਚੀਜ਼ਾਂ ਨੂੰ ਦੂਰ ਰਖਣਾ ਹੈ। ਇਸ ਜ਼ਬਤ ਲਈ ਅਵਾਰਾ ਵੇਗਾਂ ਅਤੇ ਮੁੜ ਮੁੜ ਆਉਣ ਵਾਲੇ ਖਿਆਲਾਂ ਨੂੰ ਦੂਰ ਰਖਣਾ ਹੁੰਦਾ ਹੈ।

(6), (7) **ਧਿਆਨ ਤੇ ਧਾਰਨਾ** :- ਇਸ ਦਾ ਭਾਵ ਹੈ ਧਿਆਨ ਟਿਕਾਣਾ। ਸਤ ਜਾਂ ਸਚਾਈ ਦਾ ਸਹੀ ਗਿਆਨ ਉਦੋਂ ਹੁੰਦਾ ਹੈ, ਜਦੋਂ ਚੇਤੰਨਤਾ ਨੂੰ ਅੰਦਰਲੀਆਂ ਅਤੇ ਬਾਹਰਲੀਆਂ ਤਬਦੀਲੀਆਂ ਤੋਂ ਲਗਾਤਾਰ ਬਚਾਕੇ ਰਖਿਆ

ਜਾਏ। ਇਸ ਮਨ ਨੂੰ ਕਿਸੇ ਹੋਰ ਪਾਸੇ ਜਾਣੋਂ ਕਾਫੀ ਸਮੇਂ ਲਈ ਰੋਕਿਆ ਜਾਏ। ਅਜਿਹਾ ਕਰਨ ਲਈ ਧਿਆਨ ਕਿਸੇ ਇਕ ਥਾਂ ਤੇ ਟਿਕਾਣਾ ਪੈਂਦਾ ਹੈ। ਸਾਧਾਰਣ ਜੀਵਣ ਵਿਚ ਕਦੀ ਕੋਈ ਖਿਆਲ ਆ ਜਾਂਦਾ ਹੈ ਅਤੇ ਕਦੇ ਕੋਈ। ਮਨ ਕਦੇ ਕਿਸੇ ਵਸਤ ਤੇ ਚਲਾ ਜਾਂਦਾ ਹੈ ਅਤੇ ਕਦੇ ਕਿਸੇ ਤੇ। ਇਹ ਕਦੇ ਇਕ ਥਾਂ ਤੇ ਬਹੁਤਾ ਟਿਕਦਾ ਹੀ ਨਹੀਂ । ਜੇ ਟਿਕਦਾ ਹੈ ਤਾਂ ਬਹੁਤ ਥੋਹੜੇ ਸਮੇਂ ਲਈ। ਧਿਆਨ ਉਦੋਂ ਟਿਕਦਾ ਹੈ ਜਦੋਂ ਬਾਹਰੋਂ ਵਿਘਣ ਪਾਣ ਵਾਲੀ ਕੋਈ ਗਲ ਨ ਹੋਵੇ। ਧਿਆਨ ਟਿਕਾਣ ਨਾਲ ਅਖੀਰ ਸਮਾਧੀ ਲਗ ਜਾਂਦੀ ਹੈ ਜਦੋਂ ਜੋਗੀ ਨੂੰ ਆਪਾ ਭੁਲ ਜਾਂਦਾ ਹੈ। ਸਰੀਰ ਅਤੇ ਮਨ ਬਾਹਰਲੇ ਅਸਰਾਂ ਲਈ ਮਰ ਜਾਂਦੇ ਹਨ। ਕੇਵਲ ਧਿਆਨ ਟਿਕਾਣ ਵਾਲੀ ਵਸਤ ਹੀ ਦਿੱਸ ਰਹੀ ਹੁੰਦੀ ਹੈ। ਜਦੋਂ ਜੋਗੀ ਆਪਣੇ ਸਰੀਰ ਅਤੇ ਮਨ ਨੂੰ ਬਾਹਰਲੇ ਅਸਰਾਂ ਤੋਂ ਪੂਰੀ ਤਰ੍ਹਾਂ ਮਾਰ ਲਵੇ ਤਾਂ ਉਸ ਵਿਚ ਬੜੀਆਂ ਸ਼ਕਤੀਆਂ ਪੈਦਾ ਹੋ ਜਾਂਦੀਆਂ ਹਨ। ਉਹ ਕੰਧਾਂ ਦੇ ਵਿਚੋਂ ਦੀ ਦੇਖ ਸਕਦਾ ਹੈ, ਆਪ ਅਲੋਪ ਹੋ ਸਕਦਾ ਹੈ, ਦੂਸਰਿਆਂ ਦੇ ਮਨੇ ਦੀ ਵਿਥਿਆ ਬੁਝ ਲੈਂਦਾ ਹੈ। ਪਰ ਇਹ ਸਿਧੀਆਂ, ਮੁਕਤੀ ਪ੍ਰਾਪਤ ਕਰਨ ਦੇ ਰਸਤੇ ਵਿਚ ਰੁਕਾਵਟ ਬਣ ਜਾਂਦੀਆਂ ਹਨ।

(8) **ਸਮਾਧੀ** :– ਇਹ ਜੋਗੀ ਦੀ ਵਿਸਮਾਦੀ ਹਾਲਤ ਹੁੰਦੀ ਹੈ, ਜਦੋਂ ਉਸ ਦਾ ਸੰਬੰਧ ਬਾਹਰਲੀ ਭੌਤਿਕ ਦੁਨੀਆਂ ਨਾਲੋਂ ਬਿਲਕੁ ਟੁੱਟ ਜਾਂਦਾ ਹੈ। ਏਹੀ ਜੋਗੀ ਦਾ ਟੀਚਾ ਜਾਂ ਨਿਸਾਨਾ ਹੁੰਦਾ ਹੈ। ਜੋਗੀ ਦੀ ਆਤਮਾ ਇਸ ਮਾਇਕ ਹੱਦ ਤੋਂ ਉਤਾਂਹ ਉਠ ਜਾਂਦੀ ਹੈ ਅਤੇ ਅਨਾਦੀ ਹੋਂਦ ਬਣ ਜਾਂਦੀ ਹੈ।

ਇਸ ਹਾਲਤ ਵਿਚ ਆ ਕੇ ਜੋਗੀ ਸੱਤ ਦਾ ਗਿਆਨ ਅਨੁਭਵ ਰਾਹੀਂ ਪ੍ਰਾਪਤ ਕਰ ਲੈਂਦਾ ਹੈ। ਇਸ ਅਨੁਭਵ ਰਾਹੀਂ ਪ੍ਰਾਪਤ ਕੀਤਾ ਗਿਆਨ ਅਨੁਮਾਨ ਅਤੇ ਧਰਮ ਗਰੰਥਾ ਰਾਹੀਂ ਪ੍ਰਾਪਤ ਕੀਤੇ ਗਿਆਨ ਨਾਲੋਂ ਵਿਭਿੰਨ ਹੁੰਦਾ ਹੈ। ਇਹ ਸਿੱਧਾ ਪ੍ਰਤੱਖ ਗਿਆਨ ਹੁੰਦਾ ਹੈ। ਸਮਾਧੀ ਇਕ ਲਗਾਤਾਰ ਅਨੁਭਵ ਹੁੰਦਾ ਹੈ। ਇਹ ਕਈ ਵਾਰ ਵਿਚੋਂ ਟੁਟ ਜਾਂਦਾ ਹੈ। ਹੌਲੀ ਹੌਲੀ ਇਹ ਅਨੁਭਵ ਜੁੜ ਜਾਂਦਾ ਹੈ ਅਤੇ ਜੋਗੀ ਨਿਰਚੇਤ ਹਾਲਤ ਵਿਚ ਚਲਾ ਜਾਂਦਾ ਹੈ। ਏਥੇ ਉਹ ਅਨਹਦ ਸ਼ਬਦ ਦੀ ਆਵਾਜ਼ ਸੁਣਦਾ ਹੈ। ਇਸ ਨੂੰ ਦਸਵਾਂ ਦੁਆਰ ਵੀ ਕਹਿੰਦੇ ਹਨ।

ਸਮਾਧੀ ਦੀ ਹਾਲਤ ਤਕ ਪਹੁੰਚਣ ਤੋਂ ਪਹਿਲਾਂ ਜੋਗੀ ਦੇ ਸਾਰੇ ਉਪਾਅ ਨਕਾਰਤਕਮ ਹੁੰਦੇ ਹਨ। ਦਜੋਂ 'ਪੁਰਸ਼' ਨੂੰ ਪ੍ਰਕਿਤੀ ਨਾਲੋਂ ਉਹ ਵੱਖ ਕਰ ਦੇਂਦਾ ਹੈ ਤਾ ਉਸ ਦੀ ਆਤਮਾ ਦਾ ਸਕਾਰਤਮਕ ਪ੍ਰਗਟਾਵ ਸ਼ੁਰੂਹੁੰਦਾ ਹੈ। ਇਹ ਸਮਾਧੀ ਦਾ ਸਭ ਤੋਂ ਉੱਚਾ ਰੂਪ ਹੁੰਦਾ ਹੈ। ਏਥੇ ਆਤਮਾ ਅਤੇ ਜਿਸਮ ਦਾ ਨਿਖੇੜਾ ਪੂਰਾ ਹੋ ਜਾਂਦਾ ਹੈ। ਇਹ ਇਕ ਸ਼ਾਂਤੀ ਦੀ ਅਜਿਹੀ ਦਸ਼ਾ ਪੈਦਾ ਹੋ ਜਾਂਦੀ ਹੈ, ਜਿਥੇ ਬਾਹਰ ਦਾ ਕੋਈ ਝਗੜਾ ਝਾਬਾ ਅਸਰ ਨਹੀਂ ਰਖਦਾ। ਇਹ ਰਹੱਸਵਾਦੀ ਹਾਲਤ ਹੁੰਦੀ ਹੈ, ਜਿਸ ਨੂੰ ਕੋਈ ਬਿਆਨ ਨਹੀਂ ਕਰ ਸਕਦਾ। ਇਹ ਹਾਲਤ ਬਹੁਤੀ ਦੇਰ ਤਕ ਨਹੀਂ ਰਹਿ ਸਕਦੀ। ਕੁਝ ਦੇਰ ਦੇ ਬਾਅਦ ਇਹ ਹਟ ਜਾਂਦੀ ਹੈ।

(ਸ) **ਪਰਾ-ਪ੍ਰਕ੍ਰਿਤਕ ਸ਼ਕਤੀਆਂ** :– ਜਾਦੂਦਾ ਅਲੌਕਿਕ ਮਾਰਗ ਜੋਗ ਦੀ ਮੁਕਤੀ ਦੀ ਇਸ ਪ੍ਰਣਾਲੀ ਨਾਲ ਘੁਲ ਮਿਲ ਗਇਆ ਹੈ । ਜੋਗ ਦੇ ਸਾਧਨਾਂ ਦੇ ਸਮੇਂ ਜੋਗੀ ਕੁਝ ਜਾਦੂਦੀਆਂ ਸੱਤਾਵਾਂ ਪ੍ਰਾਪਤ ਕਰ ਲੈਂਦਾ ਹੈ। ਪਰ ਜੋਗੀ ਦਾ ਇਹ ਅਸਲੀ ਆਦਰਸ਼ ਨਹੀਂ। ਅਸਲੀ ਜੀਵਨ ਮਨੋਰਥ ਪੁਰਸ਼ ਨੂੰ ਪ੍ਰਕ੍ਰਿਤੀ ਨਾਲੋਂ ਨਿਖੇੜ ਕੇ ਮੁਕਤੀ ਪ੍ਰਾਪਤ ਕਰਨਾ ਹੈ। ਜੇ ਪਰਾ -ਪ੍ਰਕ੍ਰਿਤਰ ਸੱਤਾਵਾਂ ਪ੍ਰਾਪਤ ਕਰਕੇ ਜੋਗੀ ਜਾਦੂਗਰੀ ਵਿਚ ਪੈ ਜਾਵੇ ਤਾਂ ਉਹ ਆਪਣੇ

ਮੁਕਤੀ ਦੇ ਨਿਸ਼ਾਨੇ ਤੋਂ ਉਕ ਜਾਂਦਾ ਹੈ। ਫਿਰ ਵੀ ਇਹ ਪਹਿਲੀਆਂ ਸੱਤ ਸਟੇਜਾਂ ਬਿਨਾ ਲਾਭ ਤੋਂ ਨਹੀਂ। ਹਰ ਇਕ ਦਾ ਕੋਈ ਨਾ ਕੋਈ ਲਾਭ ਹੈ। ਆਸਣਾਂ ਰਾਹੀਂ ਜੋਗੀ ਇਤਨੀ ਸਕਤੀ ਪ੍ਰਾਪਤ ਕਰ ਲੈਂਦਾ ਹੈ ਕਿ ਇਸ ਉਤੇ ਗਰਮੀ ਸਰਦੀ ਦਾ ਕੋਈ ਅਸਰ ਹੀ ਨਹੀਂ ਪੈਂਦਾ। ਇਹਨਾਂ ਨਾਲ ਪਰਾ-ਇੰਦ੍ਰਿਆਵੀ ਵਸਤਾਂ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਜੋਗੀ ਬਹੁਤ ਫਾਸਲੇ ਤੋਂ ਵਸਤਾਂ ਦੇਖ ਸਕਦਾ ਹੈ ਅਤੇ ਆਵਾਜ਼ਾਂ ਸੁਣ ਸਕਦਾ ਹੈ। ਉਹ ਇਕ ਦੈਂਤ ਦੀ ਭੌਤਿਕ ਤਾਕਤ ਹਾਸਲ ਕਰ ਸਕਦਾ ਹੈ। ਉਸ ਨੂੰ ਬੀਤੇ ਸਮੇਂ ਦਾ ਗਿਆਨ ਹੋ ਜਾਂਦਾ ਹੈ। ਉਹ ਦੂਸਰੇ ਮਨ ਦੇ ਵਿਚਾਰ ਪੜ੍ਹ ਲੈਂਦਾ ਹੈ। ਉਹ ਭੂਤ, ਵਰਤਮਾਨ ਅਤੇ ਭਵਿਖ ਨੂੰ ਜਾਣ ਸਕਦਾ ਹੈ। ਉਹ ਆਪਣੇ ਜਿਸਮ ਨੂੰ ਅਲੋਪ ਕਰ ਦੇਂਦਾ ਹੈ। ਉਸ ਨੂੰ ਆਪਣੀ ਮੌਤ ਦਾ ਪਤਾ ਲਗ ਜਾਂਦਾ ਹੈ। ਉਹ ਬ੍ਰਹਿਮੰਡ ਦੇ ਪ੍ਰਲਾੜ ਦਾ ਗਿਆਨ ਹਾਸਲ ਕਰ ਲੈਂਦਾ ਹੈ।

ਇਹ ਸਕਤੀਆਂ ਯਾ ਸਿਧੀਆਂ ਸਮਾਧੀ ਦੇ ਰਸਤੇ ਵਿਚ ਰੁਕਾਵਟਾਂ ਬਣ ਜਾਂਦੀਆਂ ਹਨ। ਇਹ ਉਚੇਰੇ ਜੀਵਨ ਦੀਆਂ ਸਹਾਇਕ ਉਪਜ ਹੁੰਦੀਆਂ ਹਨ। ਮੁਕਤੀ ਦੀ ਪ੍ਰਾਪਤੀ ਤਾਂ ਇਹਨਾਂ ਸਿਧੀਆਂ ਦੀ ਸ਼ਕਤੀ ਦਾ ਖਿਆਲ ਛਡ ਕੇ ਹੀ ਹੋ ਸਕਦੀ ਹੈ। ਜਿਹੜਾ ਜੋਗੀ ਇਹਨਾਂ ਸਿਧੀਆਂ ਦੀ ਪ੍ਰਾਪਤੀ ਵਲ ਪੈ ਜਾਏ, ਉਹ ਹੇਠਾਂ ਡਿਗ ਜਾਂਦਾ ਹੈ।

ਇਹ ਸਿਧੀਆਂ ਚਾਰ ਤਰੀਕਿਆਂ ਨਾਲ ਪ੍ਰਾਪਤ ਹੋ ਸਕਦੀਆਂ ਹਨ, ਪੈਦਾਇਸ਼ੀ ਔਸ਼ਧੀ ਨਾਲ, ਮੰਤਰਾਂ ਨਾਲ, ਤਪਾਂ ਨਾਲ ਅਤੇ ਸਮਾਧੀ ਨਾਲ, ਪਰ ਸਮਾਧੀ ਉਤੇ ਵਧੇਰੇ ਜ਼ੋਰ ਦਿਤਾ ਗਇਆ ਹੈ।

(ਹ) **ਰਬ** :- ਪਤੰਜਲੀ ਦੇ ਮੱਤ ਦਾ ਈਸ਼ਰਵਾਦ ਜ਼ਰੂਰੀ ਤੇ ਮਹੱਤਪੂਰਣ ਭਾਗ ਨਹੀਂ। ਸ਼ਖਸੀ ਰੱਬ ਜੋਗ ਧਿਆਨ ਤੇ ਸਮਾਧੀ ਦਾ ਇਕ ਸਾਧਨ ਹੈ। ਉੱਝ ਪਤੰਜਲੀ ਰੱਬ ਨੂੰ ਮੰਨਦਾ ਹੈ ਪਰ ਉਸ ਨੂੰ ਸਿਰਜਣਹਾਰ ਨਹੀਂ ਮੰਨਦਾ। ਰੱਬ ਹਰ ਯੁਗ ਵਿਚ ਰੱਬੀ ਬਾਣੀ ਦਾ ਐਲਾਨ ਕਰਦਾ ਹੈ। 'ਓਮ' ਦੀ ਆਵਜ਼ ਰਬ ਦੀ ਪ੍ਰਤਿਨਿਧ ਹੈ ਅਤੇ ਇਸ ਦੇ ਜਾਪ ਨਾਲ ਮਨ ਰਬ ਉਤੇ ਟਿਕ ਜਾਂਦਾ ਹੈ।

ਮਨੁੱਖ ਦਾ ਆਦਰਸ਼ ਰਬ ਨਾਲ ਮੇਲ ਨਹੀਂ। ਅਸਲੀ ਜੀਵਨ ਮਨੋਰਥ 'ਪੁਰਸ਼' ਅਤੇ 'ਪ੍ਰਕ੍ਰਿਤੀ' ਨੂੰ ਵਖ ਵਖ ਕਰਨਾ ਹੈ। ਰਬ 'ਪੁਰਸ਼ ਵਿਸ਼ੇਸ਼' ਹੈ ਅਤੇ ਸਿਰਜਣਹਾਰ ਤੇ ਪਾਲਣਹਾਰ ਨਹੀਂ। ਉਹ ਮਨੁੱਖਾਂ ਨੂੰ ਉਨ੍ਹਾਂ ਦੇ ਕਰਮਾਂ ਦੀ ਨਾ ਸਜਾ ਦੇਂਦਾ ਹੈ ਅਤੇ ਨਾ ਹੀ ਕੋਈ ਇਨਾਮ। ਜੋਗ ਫ਼ਲਸਫ਼ੇ ਨੇ ਤਾਂ ਰਬ ਦਾ ਸੰਕਲਪ ਕੇਵਲ ਜਮਾਨੇ ਅਨੁਸਾਰ ਚਲਣ ਖਾਤਰ ਹੀ ਦਿਤਾ ਸੀ।

## (ਕ) ਗੋਰਖ ਨਾਥ ਦਾ ਜੋਗ ਮਤ :

ਜੋਗੀ ਦੋ ਪ੍ਰਕਾਰ ਦੇ ਹਨ, ਇਕ ਔਘੜ ਅਤੇ ਦੂਸਰੇ ਕਨਫਟੇ। ਕਨਫਟੇ ਜੋਗੀਆਂ ਦਾ ਆਚਾਰਯ ਗੋਰਖ ਹੈ। ਆਦਿ ਨਾਥ ਨਿਪਾਲ ਦਾ ਇਕ ਮਹਾਂ ਪੁਰਖ ਸੀ। ਇਹ ਬੋਧੀ ਦੇਵਤਾ ਸੀ। ਉਸ ਦਾ ਚੇਲਾ ਮਛੰਦਰ ਨਾਥ ਸੀ। ਮਛੰਦਰ ਨਾਥ ਦੇ ਅਗੇ ਬਹੁਤ ਚੇਲੇ ਸਨ। ਇਨ੍ਹਾਂ ਵਿਚੋਂ ਇਕ ਗੋਰਖ ਨਾਥ ਸੀ। ਗੋਰਖ ਨਾਥ ਆਪਣੇ ਗੁਰੂ ਮਛੰਦਰ ਨਾਥ ਨਾਲੋਂ ਬਹੁਤ ਤਰੱਕੀ ਕਰ ਗਇਆ ਸੀ। ਗੋਰਖ ਨਾਥ ਜੀ ਨੇ ਆਪਣੇ ਚੇਲਿਆਂ ਦੇ ਕੰਨ ਪੜਵਾਏ ਤੇ ਮੁੰਦਰਾਂ ਵਪਾਈਆਂ। ਸੋ ਉਸ ਦੇ ਮੱਤ ਨੂੰ ਕਨਫ਼ਟੇ ਜੋਗੀਆਂ ਦਾ ਮੱਤ ਕਿਹਾ ਜਾਂਦਾ ਹੈ। ਗੋਰਖ ਨਾਥ ਕਬੀਰ ਜੀ ਦਾ ਸਮਕਾਲੀ ਸੀ। ਸੋ ਗੋਰਖ ਨਾਥ ਦਾ ਸੰਬੰਧ ਬੁਧ ਮੱਤ ਨਾਲ ਬਣ ਜਾਂਦਾ ਹੈ। ਗੋਰਖਨਾਥ ਨੇ ਬੁਧ ਮਤ ਦੇ ਮਹਾਯਾਨ ਫਿਰਕੇ ਨੂੰ ਸ਼ੈਵ ਮੱਤ ਵਿਚ

ਬਦਲ ਦਿਤਾ। ਇਸ ਤਰ੍ਹਾਂ ਜੋਗ ਮੱਤ ਦਾ ਸੰਬੰਧ ਸ਼ੈਵ ਮਤ ਨਾਲ ਵੀ ਕਾਇਮ ਹੋ ਗਿਆ।

**ਗੋਰਖ ਦੇ ਜੋਗੀਆਂ ਦੇ ਅਗੋਂ ਬਾਰਾਂ ਫਿਰਕੇ ਹਨ :** 1. ਹੇਤੂ, 2. ਪਾਣ, 3. ਆਈ, 4. ਗਮਯ, 5. ਪਾਗਲ, 6. ਗੋਪਾਲ, 7. ਕੰਥੜੀ, 8. ਬਨ, 9. ਧਵਜ, 10. ਚੌਲੀ, 11. ਰਾਵਲ ਤੇ 12. ਦਾਸ। ਇਹ ਗੋਰਖ ਨਾਥ ਦੇ ਜੋਗੀ ਕੰਨ ਵਿਚ ਮੁੰਦ੍ਰਾ ਪਾਉਂਦੇ ਹਨ, ਖਪਰ ਫੜ ਕੇ ਭਿਖਿਆ ਮੰਗਦੇ ਹਨ, ਲੀਰਾਂ ਦੀ ਬਣੀ ਖਿੰਥਾ ਗੋਦੜੀ ਪਹਿਨ ਦੇ ਹਨ, ਖਪਰ ਫੜ ਕੇ ਭਿਖਿਆ ਮੰਗਦੇ ਹਨ, ਲੀਰਾਂ ਦੀ ਬਣੀ ਖਿੰਥਾ ਗੋਦੜੀ ਪਹਿਨ ਦੇ ਹਨ, ਇਕ ਡੰਡਾ ਪਾਸ ਰਖਦੇ ਹਨ, ਗਲੇ ਵਿਚ ਨਾਦ ਤੇ ਸਿੰਙੀ ਲਟਕਾ ਕੇ ਰਖਦੇ ਹਨ ਜਿਹਨਾਂ ਨੂੰ ਇਹ ਵਜਾਉਂਦੇ ਹਨ। ਇਹ ਗ੍ਰਹਿਸਤ ਆਸ਼ਰਮ ਵਿਚ ਨਹੀਂ ਪੈਂਦੇ। ਬਸਤੀਆਂ ਤੋਂ ਦੂਰ ਰਹਿੰਦੇ ਹਨ। ਪਿੰਡੇ ਤੇ ਸੁਆਹ ਮਲਦੇ ਹਨ ਤੇ ਸਿਰ ਤੇ ਜਟਾਂ ਰਖਦੇ ਹਨ।

**(ਖ) ਜੋਗ ਮਤ ਦਾ ਮੱਨੁਖੀ ਜੀਵ ਵਿਗਿਆਨ (Physiology)**

ਜੋਗ ਮਤ ਦਾ ਆਪਣਾ ਹੀ ਜੀਵ ਵਿਗਿਆਨ ਹੈ, ਜੋ ਅਜ ਕਲ ਦੇ ਜੀਵ ਵਿਗਿਆਨ ਨਾਲ ਬਿਲਕੁਲ ਨਹੀਂ ਮਿਲਦਾ। ਇਹ ਜੀਵ ਵਿਗਿਆਨ ਉਹਨਾਂ ਨਾੜੀਆਂ ਬਾਰੇ ਹੈ ਜੋ ਸਾਰੇ ਸਰੀਰ ਵਿਚ ਪ੍ਰਵੇਸ਼ ਕਰ ਰਹੀਆਂ ਹਨ। ਇਹ ਹੁਣ ਦੀਆਂ ਤੰਤੂਆਂ (Nerves) ਨਾਲ ਸਮਰੂਪ ਨਹੀਂ। ਸ਼ਾਇਦ ਇਹ ਇਤਨੀਆਂ ਬਰੀਕ ਹੋਣ ਕਿ ਦਿਸਦੀਆਂ ਹੀ ਨ ਹੋਣ। ਇਨ੍ਹਾਂ ਦੀ ਗਿਣਤੀ 70 ਕਰੋੜ ਦੇ ਕਰੀਬ ਦਸੀ ਜਾਂਦੀ ਹੈ, ਇਹ ਕਈ ਚਕਰਾਂ ਵਿਚ ਜਾ ਕੇ ਮਿਲਦੀਆਂ ਹਨ। ਰੀੜ੍ਹ ਦੀ ਹੱਡੀ ਦੇ ਹੇਠਲੇ ਸਿਰੇ ਉਤੇ ਇਕ ਕੁਡਲਨੀ ਹੈ, ਜੋ ਊਰਜਾ ਦਾ ਕੇਂਦਰ ਹੈ ਅਤੇ ਜੋ ਬਾਕੀ ਚਕਰਾਂ ਨੂੰ ਕ੍ਰਿਆਵਾਂ ਕਰਣ ਲਈ ਉਤੇਜਿਤ ਕਰਦੀ ਹੈ। ਇਸ ਰੀੜ ਦੀ ਹੱਡੀ ਵਿਚੋਂ ਦੀ ਵਿਸ਼ੇਸ਼ ਮਹੱਤਤਾ ਰਖਣ ਵਾਲੀਆਂ ਤਿੰਨ ਵੱਡੀਆ ਨਾੜੀਆਂ ਲੰਘਦੀਆਂ ਹਨ, ਇੜਾ, ਪਿੰਗਲਾ ਅਤੇ ਸੁਖਮਨਾ। ਸੁਖਮਨਾ ਸਭ ਦੀ ਸਿਰਤਾਜ ਹੈ।

ਇਸ ਦੇ ਸੱਜੇ ਪਾਸੇ ਪਿੰਗਲਾ ਹੈ ਅਤੇ ਖੱਬੇ ਪਾਸੇ ਇੜਾ ਹੈ। ਇਸ ਨਾੜੀ ਦੇ ਛੇ ਕੇਂਦਰ ਹਨ, ਜਿਨ੍ਹਾਂ ਨੂੰ ਪਦਮ ਕਹਿੰਦੇ ਹਨ। ਇਹ ਪਦਮ ਦੇਖੇ ਨਹੀਂ ਜਾ ਸਕਦੇ। ਇਹ ਚਕਰ ਮਾਨਸਿਕ ਗ਼ੈਬੀ ਤਾਕਤ ਦੇ ਕੇਂਦਰ ਹਨ। ਸਭ ਤੋਂ ਹੇਠਲੇ ਚਕਰ ਵਿਚ ਬ੍ਰਹਮ ਨਿਵਾਸ ਕਰਦਾ ਮੰਨਿਆ ਗਇਆ ਹੈ ਜੋ ਸ਼ਿਵ ਲਿੰਗ ਦੇ ਰੂਪ ਵਿਚ ਹੈ ਅਤੇ ਉਸਦੇ ਗਿਰਦ ਸਰਪਨੀ ਦੇਵੀ ਕੁੰਡਲ ਮਾਰੀ ਬੈਠੀ ਹੈ। ਇਸ ਦੇਵੀ ਨੂੰ ਇਸ ਆਸਣ ਵਿਚ ਕੰਡਲਣੀ ਕਹਿੰਦੇ ਹਨ। ਇਸ ਨੂੰ ਜਗਾ ਕੇ ਕਰਾਮਾਤੀ ਤਾਕਤ ਪੈਦਾ ਕੀਤੀ ਜਾਂਦੀ ਹੈ।

ਅਜੇ ਤਕ ਡਾਕਟਰਾਂ Surgeons ਨੇ ਏਹੋ ਜੇਹੀ ਚੀਜ਼ ਕੋਈ ਨਹੀਂ ਵੇਖੀ।

**(ਗ) ਅਨਹਦ ਸ਼ਬਦ ਤੇ ਦਸਮ ਦੁਆਰ :**

ਜੋਗ ਮੱਤ ਦਾ ਇਹ ਖਿਆਲ ਹੈ ਕਿ ਜੇ ਸਾਰੇ ਇੰਦਰਿਆਂ ਨੂੰ ਸਿਥਲ ਕਰ ਦਿਤਾ ਜਾਏ ਤਾਂ ਦਸਵਾਂ ਦੁਆਰ ਖੁਲ੍ਹਦਾ ਹੈ ਜਿਸ ਰਾਹੀਂ ਇਨਸਾਨ ਸੱਤ ਦਾ ਗਿਆਨ ਪ੍ਰਾਪਤ ਕਰਦਾ ਹੈ। ਉਸ ਨੂੰ ਇਕ ਗ਼ੈਬੀ ਆਵਾਜ਼ ਸੁਣਦੀ ਹੈ ਜੋ ਬੜਾ ਉਚੇ ਦਰਜੇ ਦਾ ਸੰਗੀਤ ਹੁੰਦਾ ਹੈ। ਇਸ ਨੂੰ ਅਨਹਦ ਸ਼ਬਦ ਕਹਿੰਦੇ ਹਨ। ਇਹ ਇਕ ਅਸੀਮਿਤ ਤੇ ਅਨਾਦੀ ਸੰਗੀਤ ਹੈ ਜੋ ਹਰ ਵੇਲੇ ਵਜ ਰਹਿਆ ਹੁੰਦਾ ਹੈ ਪਰ ਇਹ ਸੁਣਦਾ ਦਸਵੇਂ ਦੁਆਰ ਵਿਚ ਹੀ ਹੈ। ਇਸ ਸਰੀਰ ਵਿਚ ਨੌਂ ਦਰਵਾਜ਼ੇ ਹਨ, ਜੋ ਸਭ ਨੂੰ ਦਿਸਦੇ ਹਨ। ਇਹ ਦਸਵਾਂ ਦੁਆਰ ਦਿਸਦਾ ਨਹੀਂ। ਇਸ ਰਾਹੀਂ ਪਰਾ-ਇੰਦਰਿਆਵੀ

ਗਿਆਨ ਹੁੰਦਾ ਹੈ। ਇਹ ਗਿਆਨ ਦਾ ਪਰਾ-ਇੰਦਰਿਆਵੀ ਮਾਧਿਆਮ ਹੈ। ਜੋਗੀ ਇਸ ਸੰਗੀਤ ਨੂੰ ਸਮਾਧੀ ਦੀ ਹਾਲਤ ਵਿਚ ਸੁਣਦੇ ਹਨ ।

**(ਘ) ਜੋਗ ਦਾ ਵਿਰੋਧ :-**

ਸਿੱਖ ਧਰਮ ਜੋਗ ਦੇ ਸਾਰੇ ਫਲਸਫੇ ਨਾਲ ਅਤੇ ਇਸਦੇ ਸਾਰੇ ਸਾਧਨਾਂ ਨਾਲ ਸਹਿਮਤ ਨਹੀਂ। ਜੋਗ ਮੱਤ ਦੇ ਕਈ ਅੰਗਾਂ ਦਾ ਉਹ ਕਰੜਾ ਵਿਰੋਧ ਕਰਦਾ ਹੈ।

**1. ਪ੍ਰਕ੍ਰਿਤੀ ਤੇ ਪੁਰਸ਼ ਦਾ ਸੰਕਲਪ :-**

ਜੋਗ ਮਤ ਸਾਖ ਸਾਸਤ੍ਰ ਨਾਲ ਮਿਲਦਾ ਜੁਲਦਾ ਹੈ। ਸਾਂਖ ਸ਼ਾਸਤ੍ਰ ਵਾਂਗ ਪਤੰਜਲੀ ਦੋ ਅਨਾਦੀ ਅਤੇ ਮੁਢਲੀਆਂ ਚੀਜ਼ਾ ਮੰਨਦਾ ਹੈ, ਇਕ ਪ੍ਰਕ੍ਰਿਤੀ (ਮਾਇਆ) ਅਤੇ ਹਿਕ ਪੁਰਸ਼ (ਆਤਮਾ) । ਸਿੱਖ ਧਰਮ ਇਸ ਦਾ ਸਖਤ ਵਿਰੋਧ ਕਰਦਾ ਹੈ। ਸਿੱਖ ਧਰਮ ਅਨੁਸਾਰ ਸਾਰੀ ਸ੍ਰਿਸ਼ਟੀ ਨੂੰ ਸਾਜਣ ਵਾਲਾ ਇਕ ਵਾਹਿਗੁਰੂਹੈ ਅਤੇ ਪ੍ਰਕ੍ਰਿਤੀ (ਮਾਇਆ) ਅਨਾਦੀ ਨਹੀਂ। ਇਹ ਸ੍ਰਿਸ਼ਟੀ ਉਸ ਵਾਹਿਗੁਰੂਦਾ ਆਪਣਾ ਹੀ ਪਸਾਰਾ ਹੈ। ਗੁਰੂਨਾਨਕ ਸਾਹਿਬ ਫੁਰਮਾਂਦੇ ਹਨ :-

**"ਸੁੰਨ ਕਲਾ ਅਪਰੰਪਰਿ ਧਾਰੀ ॥ਆਪਿ ਨਿਰਾਲਮੁ ਅਪਰ ਅਪਾਰੀ ॥**
**ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨ ਉਪਾਇਦਾ ॥** (ਮਾਰੂਮ: 1, ਪੰਨਾ 1037)

**(2) ਰੱਬ ਦਾ ਸੰਕਲਪ :-**

ਜੋਗ ਮੱਤ ਰਬ ਨੂੰ ਕੇਵਲ ਧਿਆਨ ਟਿਕਾਣ ਦਾ ਸਾਧਨ ਮੰਨਦਾ ਹੈ, ਉਸ ਨੂੰ ਸਿਰਜਣਹਾਰ, ਪਾਲਣਹਾਰ ਅਤੇ ਕਰਮਾਂ ਦਾ ਫਲ ਦੇਣਾ ਵਾਲਾ ਨਹੀਂ ਮੰਨਦਾ। ਸਿੱਖ ਧਰਮ ਰਬ ਨੂੰ ਸਿਰਜਣਹਾਰ, ਸਰਵ-ਸ਼ਕਤੀਮਾਨ, ਪਾਲਣਹਾਰ ਤੋਂ ਦਾਤਾਰ ਮੰਨਦਾ ਹੈ। ਗੁਰੂਨਾਨਕ ਦੇਵ ਜੀ ਫੁਰਮਾਉਂਦੇ ਹਨ :-

**-"ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥"** (ਆਸਾ ਮ: 1, ਪੰਨਾ 463)

**ਯਥਾ**

**-"ਨਦੀਆ ਵਿਚਿ ਟਿਬੇ ਦਿਖਾਲੇ ਥਲੀ ਕਰੇ ਅਸਗਾਹ !**
**ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥"** (ਮਾਝ ਮ: 1, ਪੰਨਾ 144)

**ਯਥਾ**

**-"ਦੀਨਾ ਨਾਥੁ ਦਇਆਲੁ ਨਿਰੰਜਨੁ ਅਨ ਦਿਨੁ ਨਾਮੁ ਵਖਾਣਾ॥"** (ਧਨਾਸਰੀ ਮ: 1 ਪੰਨਾ 699)

**(3) ਵਿਯੋਗ ਤੇ ਸੰਜੋਗ :**

ਜੋਗ ਦਾ ਜੀਵਨ ਆਦਰਸ਼ ਪ੍ਰਕ੍ਰਿਤੀ (ਮਾਇਆ) ਅਤੇ ਪੁਰਸ਼ (ਆਤਮਾ) ਨੂੰ ਨਿਖੇੜਨਾ ਹੈ। ਜੋਗ ਲਈ ਏਹੋ ਮੁਕਤੀ ਹੈ। ਉਹ ਇਸ ਨੂੰ ਵਿਯੋਗ ਕਹਿੰਦੇ ਹਨ। ਜੋਗੀਆਂ ਦਾ ਆਦਰਸ਼ ਨਕਾਰਤਮਕ ਹੈ। ਸਿੱਖ ਧਰਮ ਇਸ ਤੋਂ ਅਗੇ ਜਾਂਦਾ ਹੈ। ਉਹ ਸਕਾਰਤਮਕ ਪੱਖ ਤੇ ਜ਼ੋਰ ਦੇਂਦਾ ਹੈ। ਸਿੱਖ ਧਰਮਾ ਦੀ ਸਿਖਿਆ ਇਹ ਹੈ ਕਿ ਆਤਮਾ ਅਤੇ ਪਰਮ-ਆਤਮਾ ਵਿਚਕਾਰ ਪਈ ਹਉਮੈ ਅਤੇ ਭੌਤਿਕ ਤ੍ਰਿਸ਼ਨਾਵਾਂ ਦੀ ਕੰਧ ਨੂੰ ਢਾਹ ਕੇ ਆਤਮਾ ਅਤੇ ਪਰਮ-ਆਤਮਾ ਦਾ ਸੰਜੋਗ ਕਰਨਾ ਹੈ। ਆਤਮਾ ਨੂੰ ਪਰਮ ਆਤਮਾ ਵਿਚ ਲੀਣ ਕਰਨਾ ਹੈ। ਅਸਲੀ ਮੁਕਤੀ ਇਹ ਹੈ।

ਸ੍ਰੀ ਗੁਰੂਨਾਨਕ ਦੇਵ ਜੀ ਫੁਰਮਾਂਦੇ ਹਨ :-

**"ਸਾਚੋ ਉਪਜੈ, ਸਾਚਿ ਸਮਾਵੈ, ਸਾਚੇ ਸੂਚੇ ਏਕ ਮਇਆ ॥**

**ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣ ਭਇਆ ॥"** (ਰਾਮਕਲੀ ਮ: 1, ਪੰਨਾ 940)

ਜੀਵ ਸੱਤ ਤੋਂ ਉਪਜਦੇ ਹਨ, ਪਰਮਾਤਮਾ ਨੂੰ ਅਰਾਧਣ ਨਾਲ ਸੱਚ ਵਿਚ ਸਮਾ ਜਾਂਦੇ ਹਨ। ਬਾਕੀ ਆਵਾਗਉਣ ਵਿਚ ਪੈ ਜਾਂਦੇ ਹਨ।

(4) **ਸਿੱਧੀਆਂ :-**

ਜੋਗੀ ਆਪਣੀ ਸਾਧਨਾ ਨਾਲ ਪਰਾ-ਪ੍ਰਾਕ੍ਰਿਤਕ ਸ਼ਕਤੀਆਂ ਪ੍ਰਾਪਤ ਕਰ ਲੈਂਦਾ ਹੈ ਜਿਨ੍ਹਾਂ ਨੂੰ ਸਿੱਧੀਆਂ ਕਹਿੰਦੇ ਹਨ। ਇਸ ਤਰ੍ਹਾਂ ਉਹ ਕਰਾਮਾਤਾਂ ਦਿਖਾਣ ਲਗ ਜਾਂਦਾ ਹੈ। ਇਹ ਕਰਾਮਾਤਾਂ ਇਸ ਪ੍ਰਹਿਮੰਡ ਦੇ ਭੌਤਿਕ ਨਿਯਮਾਂ ਦੇ ਵਿਰੁਧ ਹੁੰਦੀਆਂ ਹਨ ਜਿਵੇਂ ਕਿ ਸਰੀਰ ਨੂੰ ਵਡਾ ਕਰ ਲੈਣਾ, ਛੋਟਾ ਕਰ ਲੈਣਾ, ਭਾਰੀ ਕਰ ਲੈਣਾ, ਆਪਣੀ ਇੱਛਾ ਪੂਰੀ ਕਰ ਲੈਣੀ, ਕਿਸੇ ਨੂੰ ਵਸ ਵਿਚ ਕਰ ਲੈਣਾ, ਇਹ ਸਿੱਧੀਆਂ ਧਾਰਨਾ ਤੇ ਧਿਆਨ ਨਾਲ ਪੈਦਾ ਹੋ ਜਾਂਦੀਆਂ ਹਨ। ਇਹ ਆਤਮਤ ਬਲ ਹੁੰਦਾ ਹੈ। ਇਸ ਉਤੇ ਧਿਆਨ ਨਾਲ ਪੈਦਾ ਹੋ ਜਾਂਦੀਆਂ ਹਨ। ਇਹ ਆਤਮਕ ਬਲ ਹੁੰਦਾ ਹੈ। ਇਸ ਉੱਤੇ ਕੁਦਰਤ ਦੇ ਭੌਤਿਕ ਨਿਯਮ ਲਾਗੂ ਨਹੀਂ ਹੁੰਦੇ, ਪਰਾ-ਭੌਤਿਕ ਨਿਯਮ ਲਾਗੂ ਹੁੰਦੇ ਹਨ।

ਇਸ ਵਧੀ ਹੋਈ ਤਾਕਤ ਨੂੰ ਅਸੀਂ ਦੋ ਕੰਮਾਂ ਵਿਚ ਲਗਾ ਸਕਦੇ ਹਾਂ ਇਕ ਆਪਣੀਆਂ ਭੌਤਿਕ ਤ੍ਰਿਸ਼ਨਾਵਾਂ ਪੂਰੀਆਂ ਕਰਨ ਅਤੇ ਤਮਾਸ਼ੇ ਵਿਖਾਣ ਵਿਚ ਅਤੇ ਦੂਸਰਾ ਪਰਮ ਆਤਮਾ ਨਾਲ ਲਿਵ ਲਗਾਣ ਵਿਚ। ਸਿੱਖ ਧਰਮ ਦੀ ਸਿਖਿਆ ਅਨੁਸਾਰ ਸਾਡਾ ਜੀਵਨ ਮਨੋਰਥ ਆਤਮਾ ਅਤੇ ਪਰਮ-ਆਤਮਾ ਦਾ ਮੇਲ ਹੈ। ਜੇ ਅਸੀਂ ਸਿਧੀ ਪ੍ਰਾਪਤ ਕਰਕੇ ਆਪਣੀਆਂ ਭੌਤਿਕ ਤ੍ਰਿਸ਼ਨਾਵਾਂ ਹੀ ਪੂਰੀਆਂ ਕਰਨੀਆ ਹਨ ਤਾਂ ਅਸੀਂ ਆਪਣੇ ਪੈਰੀ ਆਪ ਹੀ ਕੁਹਾੜਾ ਮਾਰ ਲਵਾਂਗੇ ਕਿਉਂਕਿ ਇਸ ਨਾਲ ਅਸੀਂ ਆਪਣਾ ਆਦਰਸ਼ ਹੀ ਛਡ ਬੈਠਦੇ ਹਾਂ। ਸਾਡੀਆਂ ਭੌਤਿਕ ਤ੍ਰਿਸ਼ਨਾਵਾਂ ਸਾਡੀ ਆਤਮਾ ਅਤੇ ਪਰਮ-ਆਤਮਾ ਵਿਚਕਾਰ ਇਕ ਕੰਧ ਬਣ ਜਾਂਦੀਆਂ ਹਨ। ਸਿਧੀਆਂ ਦੀ ਸ਼ਕਤੀ ਹਉਮੈ ਪੈਦਾ ਕਰਦੀ ਹੈ, ਅਤੇ ਇਹ ਵੀ ਆਤਮਾ ਅਤੇ ਪਰਮ ਆਤਮਾ ਵਿਚਕਾਰ ਇਕ ਕੰਧ ਦਾ ਕੰਮ ਦੇਂਦੀ ਹੈ, ਜਿਸ ਨੂੰ ਢਾਉਣਾ ਸਾਡਾ ਜੀਵਨ-ਆਦਰਸ਼ ਹੈ। ਸਿੱਧੀਆਂ ਪ੍ਰਾਪਤ ਕਰਕੇ ਫਿਰ ਤ੍ਰਿਸ਼ਨਾਵਾਂ ਪੂਰੀਆਂ ਕਰਨਾ ਅਤੇ ਹਉਮੈ ਪੈਦਾ ਕਰਨੀ ਤਾਂ ਉਸ ਆਦਮੀ ਦੇ ਕੰਮ ਦੀ ਨਿਆਈ ਹੈ, ਜਿਸ ਨੇ ਕੋਈ ਪੱਥਰ ਚੁਕ ਕੇ ਕਿਸੇ ਉਚੀ ਚੋਟੀ ਤੇ ਪੁਚਾਣਾ ਹੋਵੇ। ਉਹ ਖਬਰ ਚੁਕ ਕੇ ਚੋਟੀ ਤੇ ਪੁਜ ਜਾਂਦਾ ਹੈ ਪਰ ਓਥੇ ਅਪੜ ਕੇ ਫਿਰ ਉਸ ਨੂੰ ਹੇਠਾਂ ਰੋੜ੍ਹ ਬਹਿੰਦਾ ਹੈ ਅਤੇ ਫਿਰ ਉਸ ਨੂੰ ਉਤਾਂਹ ਚੁਕਣ ਲਈ ਤੁਰ ਪੈਂਦਾ ਹੈ।

**- ਧ੍ਰਿਗ ਸਿਧੀ ਧ੍ਰਿਗ ਕਰਾਮਾਤ ॥**

**- ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀਂ ॥** (ਭਾਈ ਗੁਰਦਾਸ)

ਸ੍ਰੀ ਗੁਰੂਨਾਨਕ ਦੇਵ ਜੀ ਨੂੰ ਜੋਗੀਆਂ ਨੇ ਕਰਾਮਾਤ ਦਿਖਾਣ ਲਈ ਆਖਿਆ, ਪਰ ਉਨ੍ਹਾ ਨਾਂਹ ਕਰ ਦਿਤੀ ਅਤੇ ਫੁਰਮਾਇਆ :-

**"ਆਪਿ ਨਾਥੁ ਨਾਥੀ ਸਭ ਜਾਕੀ ਰਿਧਿ ਸਿਧਿ ਅਵਰਾ ਸਾਦ ॥"** ਜਪੁਜੀ, ਪਉੜੀ 29

ਸਾਡਾ ਨਾਥ ਸਾਡਾ ਪ੍ਰਭੂ ਹੈ। ਉਸ ਨੇ ਸਾਰੀ ਦੁਨੀਆਂ ਨਥੀ ਹੋਈ ਹੈ। ਤੁਸੀਂ ਰਿਧੀ ਸਿਧੀਆਂ ਦੀਆਂ ਚੇਟਕਾਂ ਵਿਚ ਹੋ। ਅਸੀਂ ਇਨ੍ਹਾਂ ਨੂੰ ਪਰਮਾਰਥ ਤੋਂ ਅਣਜਾਣ ਲੋਗ ਦਾ ਸੁਆਦ ਸਮਝਦੇ ਹਾਂ।

ਇਸ ਵੀਹਵੀਂ ਸਦੀ ਦਾ ਇਕ ਪੱਛਮੀ ਫਲਾਸਫਰ 'ਹਕਸਲੇ' ਇਹ ਕਹਿੰਦਾ ਹੈ ਕਿ ਕਰਾਮਾਤੀ ਸ਼ਕਤੀਆਂ ਦਾ ਪੈਦਾ ਕਰਨਾ ਇਨਸਾਨ ਦੀ ਆਤਮਾ ਨੂੰ ਅਸਲੀਅਤ ਅਤੇ ਸੱਤ ਪਾਸੋਂ ਦੂਰ ਲੈ ਜਾਂਦਾ ਹੈ ਅਤੇ ਪ੍ਰਬੁਧਤਾ ਤੇ ਮੁਕਤੀ ਦੇ ਰਸਤੇ ਵਿਚ ਨਾ ਪਾਰ ਕਰ ਸਕਣ ਵਾਲੀਆਂ ਰੁਕਾਵਟਾਂ ਪੈਣਾ ਕਰ ਦੇਂਦਾ ਹੈ।

(5) **ਗ੍ਰਹਿਸਤ ਆਸ਼ਰਮ :**

ਜੋਗ ਮਤ ਜੋਗੀ ਨੂੰ ਗ੍ਰਹਿਸਤ ਤਿਆਗ ਕੇ ਘਰਾਂ ਅਤੇ ਬਸਤੀਆਂ ਤੋਂ ਦੂਰ ਰਹਿਣ ਲਈ ਕਹਿੰਦਾ ਹੈ। ਜੋਗੀ ਦਾ ਡੇਰਾ ਜੰਗਲਾਂ ਵਿਚ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਮੰਗ ਤੰਗ ਕੇ ਆਪਣੀ ਉਦਰ ਪੂਰਤੀ ਕਰਨੀ ਚਾਹੀਦੀ ਹੈ। ਸਿੱਖ ਧਰਮ ਇਸ ਗ੍ਰਹਿਸਤ ਤਿਆਗ ਦਾ ਵਿਰੋਧ ਕਰਦਾ ਹੈ। ਕਿਉਂਕਿ ਜੰਗਲ ਵਾਸ ਕਰਕੇ ਵੀ ਮਨ ਟਿਕਦਾ ਨਹੀਂ ਅਤੇ ਜੋਗੀ ਫਿਰ ਗ੍ਰਹਿਸਤੀਆਂ ਪਾਸੋਂ ਹੀ ਮੰਗਣ ਆਉਂਦੇ ਹਨ। ਗੁਰੂਨਾਨਕ ਦੇਵ ਜੀ ਨੇ ਸਿਧ ਗੋਸਟ ਵਿਚ ਫ਼ਰਮਾਇਆ ਹੈ :-

**"ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ ॥**
**ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥**
**ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥**
**ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥"** (ਰਾਮਕਲੀ ਮ: 1, ਪੰਨਾ 939)

ਘਰਾ ਅਤੇ ਬਸਤੀਆਂ ਵਿਚ ਰਹਿਕੇ ਆਦਮੀ ਸਾਵਧਾਨ ਰਹਿ ਸਕਦਾ ਹੈ, ਅਤੇ ਮਨ ਉਤੇ ਪਰਮਾਤਮਾ ਦੇ ਨਾਮ ਰਾਹੀ ਚੰਗਾ ਕਾਬੂਪਾ ਸਕਦਾ ਹੈ। ਜੋਗੀ ਦਾ ਮਨ ਬਸਤੀਆਂ ਤੋਂ ਦੂਰ ਰਹਿ ਕੇ ਸਗੋਂ ਡੋਲਦਾ ਰਹਿੰਦਾ ਹੈ। ਉਹ ਘਰਾਂ ਵਿਚ ਮੰਗਣ ਆਉਂਦਾ ਹੈ ਅਤੇ ਚਿਤ ਡੁਲਾ ਲੈਂਦਾ ਹੈ। ਗੁਰੂਸਾਹਿਬ ਨੇ ਸਾਨੂੰ ਮੰਡੀ, ਦੁਕਾਨ ਤੇ ਘਰ ਵਿਚ ਵਸਦਿਆਂ ਸਹਿਜ ਦਾ ਮਾਰਗ ਦਸਿਆ ਹੈ। ਥੋੜਾ ਖਾ ਕੇ ਤੇ ਥੋੜਾ ਸੌਂ ਕੇ ਪਰਮਾਤਮਾ ਦਾ ਨਾਮ ਲਇਆ ਜਾ ਸਕਦਾ ਹੈ ਅਤੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਸ੍ਰੀ ਗੁਰੂਨਾਨਕ ਦੇਵ ਜੀ ਫੁਰਮਾਂਦੇ ਹਨ :-

**"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥**
**ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥**
**ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾਕਾ ਦਾਸੋ ॥"** (ਰਾਮਕਲੀ ਮ: 1, ਪੰਨਾ 938)

ਜਿਸ ਤਰ੍ਹਾਂ ਕਮਲ ਫੁਲ ਪਾਣੀ ਵਿਚ ਆਭਿਜ ਰਹਿੰਦਾ ਹੈ ਅਤੇ ਮੁਰਗਾਬੀ ਨਦੀ ਦੇ ਪਾਣੀ ਵਿਚ ਅਸੰਗ ਰਹਿੰਦੀ ਹੈ, ਇਸੇ ਤਰ੍ਹਾਂ ਰਬ ਦਾ ਨਾਮ ਜਪਕੇ ਮੱਨੁਖ ਇਸ ਸੰਸਾਰ ਵਿਚ ਰਹਿੰਦਿਆਂ ਇਸ ਤੋਂ ਨਿਰਾਲਾ ਰਹਿ ਸਕਦਾ

ਹੈ, ਆਸਾ ਵਿਚ ਨਿਰਾਸਾ ਰਹਿ ਸਕਦਾ ਹੈ ਅਤੇ ਇਸ ਤਰ੍ਹਾਂ ਅਗਮ ਅਤੇ ਅਗੋਚਰ ਪਰਮਾਤਮਾ ਨੂੰ ਦੇਖ ਲੈਂਦਾ ਹੈ।

(6) **ਜੋਗੀਆਂ ਦੇ ਭੇਖ**

ਗੋਰਮ ਮੱਤ ਦੇ ਜੋਗੀਆਂ ਦੇ ਭੇਖ ਦਾ ਸਿੱਖ ਧਰਮ ਨੇ ਸਖਤ ਵਿਰੋਧ ਕੀਤਾ ਹੈ। ਸ੍ਰੀ ਗੁਰੁਨਾਨਕ ਦੇਵ ਜੀ ਫੁਰਮਾਉਂਦੇ ਹਨ :-

**ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥**
**ਜੋਗੁ ਨ ਮੁੰਦੀ ਮੂੰਡਿ ਮੁਡਾਈਐ ਜੋਗੁ ਨ ਸਿਙੀ ਵਾਈਐ ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥**
**ਗਲੀ ਜੋਗੁ ਨ ਹੋਈ ॥**
**ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥**
**ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥**
**ਜੋਗੁ ਨ ਦੇਸਿ ਦਿਸਤੰਰਿ ਭਵਿਐ ਜੋਗੁ ਨ ਤੀਰਥਿ ਨਾਈਐ ॥**
**ਅੰਜਨ ਮਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥**
**ਸਤਿਗੁਰੁ ਭੇਟੈ ਤ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥**
**ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥**
**ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥**
**ਵਾਜੈ ਬਾਝਹੁ ਸਿਙੀ ਵਾਜੈ ਤਉ ਨਿਰਭਉ ਪਦੁ ਪਾਈਐ ॥**
**ਅਜੰਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥**

(ਸੂਹੀ ਮਹਲਾ 1, ਪੰਨਾ 730)

ਗੋਦੜੀ ਪਹਿਨ ਲੈਣਾ, ਹਥ ਵਿਚ ਡੰਡਾ ਫੜਨਾ ਤੇ ਸਰੀਰ ਉਤੇ ਸੁਆਹ ਮਲ ਲੈਣੀ, ਪ੍ਰਭੂ ਨੂੰ ਮਿਲਣ ਦੇ ਸਾਧਨ ਨਹੀਂ ਹਨ। ਕੰਨਾਂ ਵਿਚ ਮੁੰਦਰਾਂ ਪਾਇਆਂ, ਸਿਰ ਮੁਨਾਇਆਂ, ਤੇ ਸਿੰਙੀ ਵਜਾਇਆਂ ਪ੍ਰਭੂ ਦਾ ਮਿਲਾਪ ਨਹੀਂ ਹੁੰਦਾ। ਪ੍ਰਭੂ ਤਾਂ ਮਿਲਦਾ ਹੈ ਜੇ ਮਾਇਆ ਵਿਚ ਰਹਿੰਦਿਆਂ ਇਸ ਤੋਂ ਨਿਰਲੇਪ ਰਹੀਏ। ਜੋਗੀ ਉਹ ਹੁੰਦਾ ਹੈ, ਜੋ ਸਭ ਨੂੰ ਇਕੋ ਜੇਹਾ ਸਮਝੇ। ਮੜ੍ਹੀਆਂ ਵਿਚ, ਸਮਾਧੀ ਲਾਇਆਂ, ਦੇਸ ਪ੍ਰਦੇਸ ਭਵਿਆਂ, ਮਿਲਦਾ ਹੈ, ਕਾਰ ਵਿਚਾਰ ਕਰਦਿਆਂ, ਵਿਕਾਰਾਂ ਤੋਂ ਹਟ ਕੇ ਸਿਮਰਨ ਅਭਿਆਸ ਕਰਨ ਵਾਲੇ ਦੇ ਅੰਦਰ ਆਪੇ ਸੁਰੀਲਾ ਨਾਦ ਵਜਣ ਲਗ ਜਾਂਦਾ ਹੈ ਅਤੇ ਆਦਮੀ ਆਤਮਕ ਅਵਸਥਾ ਵਿਚ ਪਹੁੰਚ ਜਾਂਦਾ ਹੈ:-

**ਸੁਰਤਿ ਸਬਦੁ ਸਾਖੀ ਮੇਰੀ ਸਿਙੀ ਬਾਜੈ ਲੋਕੁ ਸੁਣੇ ॥**
**ਪਤੁ ਝੋਲੀ ਮੰਗਨ ਕੈ ਤਾਈ ਭੀਖਿਆ ਨਾਮੁ ਪੜੇ ॥**
**ਬਾਬਾ ਗੋਰਖੁ ਜਾਗੈ ॥ ਗੋਰਖੁ ਸੋ ਜਿਨਿ ਗੋਇ ਉਠਾਲੀ**

**ਕਰਤੇ ਬਾਰ ਨ ਲਾਗੈ ॥**

**ਪਾਣੀ ਪ੍ਰਾਣ ਪਵਣਿ ਬੰਧਿ ਰਾਖ ਚੰਦੁ ਸੂਰਜੁ ਮੁਖਿ ਦੀਏ ॥**

**ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥**

**ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥**

**ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥**

**ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥**

**ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥**

(ਰਾਮਕਲੀ ਮਹਲਾ 1, ਪੰਨਾ 877)

ਹੇ ਜੋਗੀ ! ਮੇਰਾ ਗੋਰਖ ਸਦਾ ਜਾਗਦਾ ਹੈ ਪਰ ਗੋਰਖ ਉਹ ਹੈ ਜਿਸ ਨੇ ਸ੍ਰਿਸ਼ਟੀ ਪੈਦਾ ਕੀਤੀ ਹੈ। ਜੋ ਪ੍ਰਭੂ ਸਾਰੇ ਜਗਤ ਨੂੰ ਸੁਣਦਾ ਹੈ, ਉਸ ਦੇ ਚਰਨਾਂ ਵਿਚ ਸੁਰਤ ਜੋੜਨੀ ਮੇਰੀ ਸਦਾਅ ਹੈ। ਉਸ ਨੂੰ ਆਪਣੇ ਅੰਦਰ ਸਾਖਿਆਰ ਵੇਖਣਾ ਮੇਰੀ ਸਿਙੀ ਵਜਣਾ ਹੈ। ਉਸ ਪਰਮਾਤਮਾ ਪਾਸੋਂ ਨਾਮ ਦੀ ਭਿਛਿਆ ਮੰਗਨ ਲਈ ਮੈਂ ਝੋਲੀ ਪਾਈ ਹੋਈ ਹੈ। ਜੀਵਾਂ ਨੇ ਉਸ ਪਰਮਾਤਮਾ ਨੂੰ ਭੁਲਾ ਦਿਤਾ ਹੈ, ਜਿਸ ਨੇ ਪਉਣ ਪਾਣੀ ਸੂਰਜ ਚੰਦ੍ਰਮਾ ਆਦਿ ਬਣਾਏ ਹਨ। ਦੁਨੀਆਂ ਵਿਚ ਅਨੇਕਾਂ ਜੋਗੀ ਫਿਰ ਰਹੇ ਹਨ ! ਮੈਂ ਉਨ੍ਹਾਂ ਨਾਲ ਮਿਲਕੇ ਪਰਮਾਤਮਾ ਦੀ ਸਿਫਤ ਸਲਾਹ ਹੀ ਕਰਾਂਗਾ। ਭਗਤ ਪਰਮਾਤਮਾ ਦੇ ਚਰਨਾਂ ਵਿਚ ਮਿਲ ਰਹਿੰਦੇ ਹਨ ਅਤੇ ਉਹ ਗਲਦੇ ਨਹੀਂ ਜਿਵੇਂ ਲੂਣ ਘਿਉ ਵਿਚ ਪਾਇਆਂ ਗਲਦਾ ਨਹੀਂ ਅਤੇ ਕੌਲ ਫੁਲ ਪਾਣੀ ਵਿਚ ਕੁਮਲਾਂਦਾ ਨਹੀਂ।

**ਸੁਣਿ ਮਾਛਿਂਦ੍ਰਾ ਨਾਨਕੁ ਬੋਲੈ ॥**

**ਵਸਗਤਿ ਪੰਚ ਕਰੇ ਨਹ ਡੋਲੈ ॥**

**ਐਸੀ ਜੁਗਤਿ ਜੋਗ ਕਉ ਪਾਲੇ ॥**

**ਆਪਿ ਤਰੈ ਸਗਲੇ ਕੁਲ ਤਾਰੇ ॥**

**ਸੋ ਅਉਧੂਤੁ ਐਸੀ ਮਤਿ ਪਾਵੈ ॥**

**ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥**

**ਭਿਖਿਆ ਭਾਇ ਭਗਤਿ ਲੈ ਚਲੈ ॥**

**ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥**

**ਧਿਆਨ ਰੂਪਿ ਹੋਇ ਆਸਣੁ ਪਾਵੈ ॥**

**ਸਚਿ ਨਾਮਿ ਤਾੜੀ ਚਿਤੁ ਲਾਵੈ ॥**

**ਨਾਨਕੁ ਬੋਲੈ ਅੰਮ੍ਰਿਤ ਬਾਣੀ ॥**

**ਸੁਣਿ ਮਛਿੰਦ੍ਰਾ ਅਉਧੂਨੀਸਾਣੀ ॥**

**ਆਸਾ ਮਾਹਿ ਨਿਰਾਸੁ ਵਲਾਏ ॥**

**ਨਿਹਚਉ ਨਾਨਕ ਕਰਤੇ ਪਾਏ ॥**

**ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥**
**ਗੁਰ ਚੇਲੇ ਕੀ ਸੰਧਿ ਮਿਲਾਏ ॥**
**ਦੀਖਿਆ ਦਾਰੂ ਭੋਜਨੁ ਖਾਇ ॥**
**ਛਿਅ ਦਰਸਨ ਕੀ ਸੋਝੀ ਪਾਇ ॥** (ਰਾਮਕਲੀ ਮਹਲਾ 1, ਪੰਨਾ 877)

ਹੇ ਮਾਛੰਜ! ਅਸਲੀ ਸਲ ਵਿਰਕਤ ਉਹ ਹੈ ਜੋ ਦਿਨ ਰਾਤ ਐਸੇ ਟਿਕਾਉ ਵਿਚ ਰਹਿੰਦਾ ਹੈ, ਜਿਥੇ ਮਾਇਆ ਦੇ ਫੁਰਨੇ ਨਹੀਂ ਫੁਰਦੇ। ਉਹ ਪੰਜ ਵਿਕਾਰਾਂ ਨੂੰ ਵਸ ਰਖਦਾ ਹੈ। ਇਹ ਉਸਦੀ ਜੀਵਨ ਜੁਗਤ ਅਤੇ ਜੋਗ ਸਾਧਨਾ ਹੈ। ਇਸ ਨਾਲ ਉਹ ਆਪ ਪਾਰ ਲੰਘਦਾ ਹੈ ਅਤੇ ਦੂਸਰਿਆਂ ਨੂੰ ਲੰਘਾਦਾ ਹੈ ਉਹ ਪਰਮਾਤਮਾ ਦੇ ਪਿਆਰ ਤੇ ਭਗਤੀ ਵਿਚ ਜੀਵਨ ਬਤੀਤ ਕਰਦਾ ਹੈ। ਇਹ ਉਸਦੀ ਆਤਮਕ ਭਿਛਿਆ ਹੈ ਜੋ ਸੰਤੋਖ ਪੈਦਾ ਕਰਦੀ ਹੈ। ਪ੍ਰੇਮਾ ਭਗਤੀ ਨਾਲ ਉਹ ਪ੍ਰਭੂ ਨਾਲ ਇਕ ਮਿਕ ਹੋ ਜਾਂਦਾ ਹੈ। ਏਹੀ ਉਸਦੀ ਆਤਮਾ ਦਾ ਆਸਣ ਹੈ। ਪਰਮਾਤਮਾ ਦੇ ਨਾਮ ਵਿਚ ਚਿਤ ਜੋੜਨਾ ਉਸਦੀ ਤਾੜੀ ਹੈ। ਉਹ ਪਰਮਾਤਮਾ ਦੀ ਸਿਫਤ ਸਲਾਹ ਕਰਦਾ ਹੈ ਅਤੇ ਆਸਾ ਵਿਚ ਰਹਿੰਦਾ ਹੋਇਆ ਨਿਰਲੇਪ ਜੀਵਨ ਬਤੀਤ ਕਰਦਾ ਹੈ। ਉਹ ਗੁਰੂ ਦੀ ਸਿਖਿਆ ਅਨੁਸਾਰ ਚਲਦਾ ਹੈ ਅਤੇ ਇਸ ਤਰ੍ਹਾਂ ਉਸ ਨੂੰ ਛਿਆਂ ਦਰਸ਼ਨਾਂ ਦੀ ਸਮਝ ਪੈ ਜਾਂਦੀ ਹੈ।

**ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥**
**ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥**
**ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥**
**ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥**
**ਇਕਿ ਨਗਨ ਫਿਰਹਿ ਦਿਨੁ ਰਾਤਿ ॥ ਨੀਂਦ ਨ ਸੋਵਹੀ ॥**
**ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥**
**ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥**
**ਸਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥**

(ਵਾਰ ਮਲਾਰ ਕੀ ਮਹਲਾ 1, ਪੰਨਾ 1284)

ਕਈ ਮੱਨੁਖ ਜੰਗਲਾਂ ਵਿਚ ਜਾ ਬੈਠਦੇ ਹਨ, ਅਤੇ ਮੋਨ ਧਾਰ ਲੈਂਦੇ ਹਨ, ਕਈ ਠੰਢੇ ਪਾਣੀ ਵਿਚ ਗੋਤਾ ਲਾਉਂਦੇ ਹਨ, ਕਈ ਪਿੰਡੇ ਉਤੇ ਸੁਆਹ ਮਲਦੇ ਹਨ ਅਤੇ ਇਸ਼ਨਾਨ ਨਹੀਂ ਕਰਦੇ, ਕਈ ਡਰਾਉਣੀਆਂ ਜਟਾਂ ਵਧਾ ਲੈਂਦੇ ਹਨ ਆਪਣੀ ਕੁਲ ਤੇ ਆਪਣਾ ਘਰ ਗਵਾ ਲੈਂਦੇ ਹਨ। ਕਈ ਦਿਨੇ ਰਾਤ ਨੰਗੇ ਪਏ ਫਿਰਦੇ ਹਨ, ਕਈ ਅੱਗ ਨਾਲ ਆਪਣਾ ਸ਼ਰੀਰ ਸਾੜਦੇ ਹਨ ਭਾਵ ਧੂਣੀਆਂ ਤਪਾਉਂਦੇ ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਖੁਆਰ ਕਰਦੇ ਹਨ। ਉਹ ਪ੍ਰਭੂ ਦੇ ਨਾਮ ਤੋਂ ਵਾਂਹਜਿਆਂ ਰਹਿ ਕੇ ਆਪਣਾ ਜੀਵਨ ਬੇ-ਅਰਥ ਗਵਾਉਂਦੇ ਹਨ। ਪ੍ਰਭੂ ਦੇ ਦਰ ਤੇ ਉਹੀ ਸੋਭਦੇ ਹਨ ਜੋ ਉਸ ਦੇ ਹੁਕਮ ਵਿਚ ਚਲਦੇ ਹਨ।

**ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥**
**ਬਿਨੁ ਸਤਿਗੁਰਿ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥**
**ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥**
**ਨਾਮ ਬਿਨਾਂ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੂਲੈ ॥**

(ਪ੍ਰਭਾਤੀ ਮਹਲਾ 1, ਪੰਨਾ 1343)

ਹੇ ਪ੍ਰਭੂ, ਤੇਰਾ ਨਾਮ ਜਪਣਾ ਹੀ ਮੇਰਾ ਸਭ ਤੋਂ ਵਡਾ ਧਾਰਮਕ ਕੰਮ ਹੈ। ਤੇਰੇ ਨਾਮ ਤੋਂ ਬਿਨਾਂ ਮੇਰੇ ਅੰਦਰ ਔਗਣ ਪੈਦਾ ਹੋ ਜਾਂਦੇ ਹਨ। ਅਗਿਆਨੀ ਆਦਮੀ ਨਿਉਲੀ ਕਰਮ ਕਰਦਾ ਹੈ, ਕੁੰਡਲਨੀ ਨਾੜੀ ਦੀ ਰਾਹੀਂ ਦਸਮ ਦੁਆਰ ਵਿਚ ਸਾਸ ਚੜ੍ਹਾਉਂਦਾ ਹੈ, ਉਤਾਰਦਾ ਹੈ ਅਤੇ ਟਿਕਾਉਂਦਾ ਹੈ ਪਰ ਇਸ ਤਰ੍ਹਾਂ ਉਹ ਗਲਤ ਰਸਤੇ ਚਲਕੇ ਆਪਣੀ ਆਤਮਿਕ ਮੌਤ ਹੀ ਸਹੇੜ ਲੈਂਦਾ ਹੈ ਅਤੇ ਸਤਿਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਸਹੀ ਜੀਵਨ ਦੀ ਉਸ ਨੂੰ ਸਮਝ ਨਹੀਂ ਪੈਂਦੀ। ਉਹ ਵਿਕਾਰਾਂ ਦੀ ਮੈਲ ਨਾਲ ਲਿਬੜਿਆ ਰਹਿੰਦਾ ਹੈ। ਉਹ ਨਿਉਲੀ ਕਰਮ ਰਾਹੀਂ ਮੈਲ ਧੋਣ ਦਾ ਜਤਨ ਕਰਦਾ ਹੈ, ਪਰ ਮਨ ਦੀ ਮੈਲ ਇਸ ਤਰ੍ਹਾਂ ਨਹੀਂ ਉਤਰਦੀ। ਇਹ ਰੇਚਕ ਪੂਰਕ ਆਦਿ ਸਾਰੇ ਹੀ ਕਰਮ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਵਿਅਰਥ ਹਨ। ਕਰਮ ਕਾਂਡੀ ਮਨੁਖ ਨਾਟਕਾਂ-ਚੇਟਕਾਂ ਦੇ ਭੁਲੇਖੇ ਵਿਚ ਪੈ ਕੇ ਅਸਲੀਅਤ ਨੂੰ ਭੁਲ ਜਾਂਦਾ ਹੈ।

**(ਙ) ਸਿੱਖ ਧਰਮ ਦਾ ਸ਼ਬਦ ਸਿਧਾਂਤ :**

ਸ੍ਰੀ ਗੁਰੂਨਾਨਕ ਦੇਵ ਜੀ ਨੇ ਜੋਗੀਆਂ (ਸਿਧਾਂ) ਨਾਲ ਬਹਿਸ ਕੀਤੀ। ਜੋਗੀ, ਸ੍ਰੀ ਗੁਰੂਨਾਨਕ ਦੇਵ ਜੀ ਦੇ ਦੱਸੇ ਮਾਰਗ ਦਾ ਵਿਰੋਧ ਕਰਦੇ ਸਨ। ਉਹ ਇਹ ਨਹੀਂ ਸੀ ਪਸੰਦ ਕਰਦੇ ਕਿ ਲੋਕਾਂ ਦੀ ਸ਼ਰਧਾ ਜੋਗ ਮੱਤ ਤੋਂ ਜਾਂਦੀ ਰਹੇ ਅਤੇ ਲੋਕ ਜੋਗੀਆਂ ਦੀ ਪ੍ਰਸੰਸਾ ਕਰਨੇ ਹੱਟ ਜਾਣ। ਇਸ ਬਹਿਸ ਵਿਚ ਸ੍ਰੀ ਗੁਰੂਨਾਨਕ ਦੇਵ ਜੀ ਨੇ ਆਪਣੇ ਮਾਰਗ ਦੀ ਵਿਸਥਾਰ ਨਾਲ ਵਿਆਖਿਆ ਕੀਤੀ। ਇਸ ਮਾਰਗ ਨੂੰ ਸ਼ਬਦ ਮਾਰਗ ਕਹਿਆ ਜਾਂਦਾ ਹੈ। ਇਸ ਸ਼ਬਦ ਮਾਰਗ ਦਾ ਕੇਂਦਰੀ ਭਾਵ ਇਹ ਹੈ :-

**ਕਿਆ ਭਵੀਐ ਸਚਿ ਸੂਚਾ ਹੋਇ ॥**
**ਸਾਚ ਸਬਦ ਬਿਨੁ ਮੁਕਤਿ ਨ ਹੋਇ ॥** (ਰਾਮਕਲੀ ਮਹਲਾ 1)

**ਸ਼ਬਦ ਸਿਧਾਂਤ ਦਾ ਦ੍ਰਿਸ਼ਟੀ ਕੋਣ :**

(1) ਪ੍ਰਕ੍ਰਿਤੀ ਅਤੇ ਪੁਰਸ਼ ਦੋ ਮੁਢਲੀਆਂ ਵਖਰੀਆਂ ਵਸਤਾਂ ਨਹੀਂ।
(2) ਆਤਮਾ ਅਤੇ ਪ੍ਰਕ੍ਰਿਤੀ ਮਾਇਆ ਨੂੰਹੀ ਨਿਰਾ ਵਖ ਵਖ ਕਰਨਾ ਮੁਕਤੀ ਨਹੀਂ।
(3) ਗ੍ਰਹਿਸਤ ਆਸ਼੍ਰਮ ਛਡ ਕੇ ਜੰਗਲੀਂ ਰਹਿਣਾ ਮੁਕਤੀ ਦਾ ਸਾਧਨ ਨਹੀਂ।
(4) ਸਰੀਰ ਨੂੰ ਬਹੁਤੇ ਦੁਖ ਦੇਣ ਦੀ ਲੋੜ ਨਹੀਂ।
(5) ਸਿੱਧੀਆਂ ਪ੍ਰਾਪਤ ਕਰਨਾ ਗਲਤ ਆਦਰਸ਼ ਹੈ। ਇਹ ਇਨਸਾਨ ਨੂੰ ਮੁਕਤੀ ਦੇ ਰਸਤੇ ਤੋਂ ਦੂਰ ਲੈ ਜਾਂਦੀਆਂ ਹਨ। ਇਨ੍ਹਾਂ ਵਿਚ ਨਹੀਂ ਪੈਣਾ ਚਾਹੀਦਾ।
(6) ਅਜਿਹੇ ਭੇਖਾਂ ਦੀ ਲੋੜ ਨਹੀਂ ਜਿਵੇਂ ਕਿ ਮੁੰਦ੍ਰਾਂ, ਗੋਦੜੀ, ਡੰਡਾ, ਸਿੰਙੀ, ਆਦਿ
(7) ਪੂਰਕ, ਰੇਚਕ, ਕੁੰਭਕ, ਨਿਉਲੀ ਕਰਮ, ਨੇਤੀ, ਧੋਤੀ ਆਦਿ ਮਨ ਦੀ ਮੈਲ ਨੂੰ ਸਾਫ਼ ਨਹੀਂ ਕਰਦੇ

**ਸ਼ਬਦ ਸਿਧਾਂਤ ਦਾ ਸਕਾਰਤਮਕ ਪੱਖ :**

ਸ਼ਬਦ ਸਿਧਾਂਤ ਦਾ ਸਕਾਰਤਮਕ ਪੱਖ ਇਹ ਹੈ ਕਿ ਇਕ ਪਰਮਾਤਮਾ ਵਿਚ ਯਕੀਨ ਲਿਆਓ । ਆਪਣੀ ਆਤਮਾ ਦਾ ਉਸ ਪਰਮ ਆਤਮਾ ਨਾਲ ਮੇਲ ਕਰਨ ਦਾ ਆਦਰਸ਼ ਸਾਮ੍ਹਣੇ ਰਖੋ। ਏਸੇ ਵਿਚ ਮੁਕਤੀ ਹੈ। ਮੁਕਤੀ ਪ੍ਰਾਪਤ ਕਰਨ ਲਈ ਗ੍ਰਹਿਸਤ ਆਸ਼ਰਮ ਵਿਚ ਰਹੋ। ਦੁਨੀਆਂ ਦੇ ਕੰਮ ਧੰਦੇ ਕਰੋ। ਹਰ ਵੇਲੇ ਪ੍ਰਭੂ ਦਾ ਨਾਮ ਜਪੋ। ਮਾਇਆ ਵਿਚ ਰਹਿੰਦਿਆਂ ਇਸ ਤੋਂ ਨਿਰਲੇਖ ਰਹੋ। ਨਾਮ ਸਿਮਰਣ ਰਾਹੀਂ ਆਪਣੀ ਹਉਮੈ ਅਤੇ ਵਿਕਾਰਾਂ ਉਤੇ ਕਾਬੂ ਪਾਓ। ਅਤੇ ਮਨ ਨੂੰ ਜਿਤੋ। ਪਰਮਾਤਮਾ ਦਾ ਨਾਮ ਸੁਣੋ, ਉਸ ਨੂੰ ਮੰਨੋ, ਉਸ ਦੀ ਸਿਫਤ ਸਾਲਾਹ ਕਰੋ, ਉਸ ਨੂੰ ਪਿਆਰ ਕਰੋ, ਉਸ ਦਾ ਨਾਮ ਜਪੋ ਅਤੇ ਸਿਮਰਣ ਕਰੋ। ਇਸ ਤਰ੍ਹਾਂ ਸਹਿਜ ਵਿਚ ਰਹਿੰਦਿਆਂ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ।

**ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥**
**ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥**
**ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥**
**ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥**
**ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥**

ਕਰਿ ਬੀਚਾਰੁ ਮਨਿ ਦੇਖਹੁ, ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥ (ਰਾਮਕਲੀ ਮਹਲਾ 1)

ਸੋ ਉਪਰੋਕਤ ਵਿਚਾਰ ਤੋਂ ਪਤਾ ਲਗਦਾ ਹੈ ਕਿ ਯੋਗ ਮੱਤ ਦੀ ਵਿਚਾਰਧਾਰਾ ਗੁਰਮਤਿ ਨਾਲ ਮੇਲ ਨਹੀਂ ਖਾਂਦੀ ਤੇ ਗੁਰੂਸਾਹਿਬ ਨੇ ਇਸ ਵਿਚਾਰਧਾਰਾ ਦਾ ਗੁਰਬਾਣੀ ਵਿਚ ਭਰਵਾਂ ਖੰਡਨ ਕੀਤਾ ਹੈ। ਸ੍ਰੀ ਗੁਰੂਨਾਨਕ ਦੇਵ ਜੀ ਨੇ ਆਪਣੇ ਪ੍ਰਚਾਰਕ ਦੌਰਿਆਂ ਸਮੇਂ ਜੋਗੀਆਂ ਨੂੰ ਨਾਮ ਜਪਣ ਅਤੇ ਸਿਮਰਨ ਕਰਨ ਲਈ ਪ੍ਰੇਰਿਆ, ਜਿਸ ਵਿਚ ਉਹ ਯਕੀਨ ਨਹੀਂ ਰਖਦੇ ਸਨ।

**ਸਮਾਪਤ**


ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882